ਜਾ ਕਉ ਹਰਿ ਰੰਗ ਲਾਗੋ ਇਸ ਜੁਗ ਮਹਿ ਸੋ ਕਹੀਅਤ ਹੈ

# ਸੂਰਾ

ਐਡੀਟਰ ਦਲਜੀਤ ਸਿੰਘ

[ਜਿਲਦ ੫ ਅੰਕ ੬]

## ਸਰਬ ਹਿੰਦ ਅਖੰਡ ਕੀਰਤਨੀ ਜਥੇ ਦਾ

## ਗੁਰਮਤਿ ਮਾਸਕ ਪੱਤਰ

ਸਲਾਨਾ ਚੰਦਾ ਦੇਸ 8 ਰੁਪਏ
ਪ੍ਰਦੇਸ ਸਮੁੰਦਰੀ 12 ਰੁਪਏ
ਪ੍ਰਦੇਸ ਹਵਾਈ 20 ਰੁਪਏ

ਫ਼ਰੀ ਇੰਡੀਆ ਪ੍ਰਿੰਟਰਜ਼, ਖਿੰਗਰਾਂ ਗੇਟ, ਜਲੰਧਰ ਤੋਂ ਛਪਵਾ ਕੇ ਦਲਜੀਤ ਸਿੰਘ ਐਡੀਟਰ ਤੇ ਪਬਲਿਸ਼ਰ ਨੇ ਸਰਬ ਹਿੰਦ ਅਖੰਡ ਕੀਰਤਨੀ ਜਥੇ ਲਈ 305-L, ਮਾਡਲ ਟਾਊਨ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

www.AKJ.Org

# ਲੇਖ ਸੂਚੀ


| ਨੰ: | ਲੇਖ | ਲੇਖਕ | ਪੰਨਾ |
|---|---|---|---|
| 1. | ਕਵਿਤਾ | ਭਾ: ਸਾ: ਭਾਈ ਰਣਧੀਰ ਸਿੰਘ ਜੀ | 4 |
| 2. | ਜੋਤ ਦੀਪਕੀ ਪਤੰਗੇ ਡਾ: ਗੁਰਦੀਪ ਸਿੰਘ ਜੀ | ਭਾ: ਸਾ: ਭਾਈ ਰਣਧੀਰ ਸਿੰਘ ਜੀ | 5 |
| | ਸ਼ੇਰੇ ਪੰਜਾਬ ਦੀ ਸ਼ਖਸੀਅਤ | ਇਕ ਇਤਿਹਾਸਕ ਖੋਜੀ | 17 |
| | ਅੰਮ੍ਰਿਤ ਛਕਣ ਦਾ ਕੀ ਲਾਭ ਹੈ | ਪ੍ਰੋ: ਗੁਰਮੁਖ ਸਿੰਘ ਜੀ | 21 |
| 5. | ਕੀ ਆਪ ਨੂੰ ਇਹ ਅਰਥ ਆਉਂਦੇ ਹਨ ? | | 40 |
| 6. | ਪਦ ਛੇਦ ਬੀੜਾਂ ਤੇ ਸ਼੍ਰੋ: ਗੁ: ਪ੍ਰਬੰਧਕ ਕਮੇਟੀ | ਮਾ: ਜਸਵੰਤ ਸਿੰਘ ਜੀ | 46 |
| 7. | ਭਗਤ ਧੰਨਾ ਜੀ। | ਪ੍ਰੋ: ਗੁਰਮੁਖ ਸਿੰਘ ਜੀ | 53 |


www.AKJ.Org

# ਸੁਰਤਿ ਜੋਤ ਰਹੱਸ ਗਗਨ ਉਡਾਰੀਆਂ

## ਵਲੋਂ: ਭਾਈ ਸਾਹਿਬ ਰਣਧੀਰ ਸਿੰਘ ਜੀ ।

ਪ੍ਰਿਅ ਚਰਨ ਕਮਲ ਸੰਗਿ ਪ੍ਰੇਮ ਲੱਗਾ, ਹੁਣ ਵਧ ਜਾ ਨੀ ! ਸੁਖ ਰੈਨੜੀਏ ।
ਛਿਨ ਛਿਨ ਸਦ ਪਰਸਉਂ ਪ੍ਰਿਅ ਪਗਾ, ਘਟ ਨੀਂਦੜੀਏ ਦੁਖ ਦੈਨੜੀਏ ।
ਹਣ ਲਾਲ ਲਵਾਈ ਰਹੁ ਅੜੀਏ, ਸੁਣਿ ਰਸਨੜੀਏ, ਮਿਠ ਬੈਨੜੀਏ ।
ਸੁਣਿ ਅਮੀ ਰਸਾਇਣ ਚੂਨੜੀਏ, ਰਸੁ ਪੀ ਲੈ ਰਸਨ ਰਸੈਨੜੀਏ ।
ਰਸ ਦਰਸ ਟਟਾਰੇ ਰਹੋ ਲਗੀ, ਪਿਰ ਪ੍ਰੇਮ ਕਸਾਈ ਨੈਨੜੀਏ ।
ਨੈਨੜੀਏ ਪ੍ਰੇਮ ਕਸੈਨੜੀਏ, ਤੂੰ ਧੰਨੀ ਪਿਟ ਦਰਸੈਨੜੀਏ ।
ਸੋਭਾ ਮੁਖ ਤੇ ਕਿਵ ਕਹੀ ਬਣੇ, ਪਿਰ ਸੁਖ ਦਰਸ਼ਨ ਪੇਖੈਨੜੀਏ ।
ਪਿਖਿ ਦਰਸ਼ਨ ਜੀਵੀਂ ਠੰਡੀ ਥੀਵੀਂ ਲੋਚਨ ਤਾਰ ਲਗੈਨੜੀਏ ।
ਘਣਿ ਪਿਆਸ ਨ ਬੁਝੇ ਰੱਜ ਨ ਆਵੇ ਸੱਜਨ ਨੈਣ ਡਿਠੈਨੜੀਏ ।
ਨਿੰਦ ਰੈਨ ਸੈਨ ਉਘੜੈਨੜੀਏ ਸਦ ਜਾਗਤ ਰਹੁ ਸੁਖ ਚੈਨੜੀਏ ।
ਸੁਖ ਚੈਨ ਦਰਸ ਪਰਸੈਨੜੀਏ ਰਹੁ ਲੀਣ ਦਰਸਿ ਸੁਰਤੇਨੜੀਏ ।
ਲਿਵ ਸੁਰਤਿ ਦਰਸ ਦਿਬ ਨੈਨੜੀਏ, ਖੀਵੀ ਰਹੁ ਪਿਰਮ ਚਖੈਨੜੀਏ ।
ਚਖਿ ਉਲਸ਼ ਅੰਮੀ ਚਸ਼ਮੈਨੜੀਏ, ਮੂੰਧ ਨੈਨ ਕਟੋਰੜ ਭੈਨੜੀਏ ।
ਭੈਣੇ ਨੀ । ਗੈਣ ਉਡੈਣੜੀਏ । ਰਹੁ ਗਗਨ ਚੜ੍ਹੀ । ਪੰਖੈਨੜੀਏ ।
ਖੰਭ ਸੁਰਤਿ ਪਿਰੰਮ ਜੜੈਨੜੀਏ ਰਹੁ ਸੁਰਤੀ ਸੁਰਤਿ ਸਮੈਨੜੀਏ ।
ਨਾ ਉਤਰੀਂ ਹੇਠਾਂ ਸੁਰਤਿ ਕੁਰੇ, ਧੁਰਿ ਸੁਰਤਿ ਮੰਡਲ ਖੇਡੈਨੜੀਏ ।

(ਪੁਸਤਕ 'ਜੋਤ ਵਿਗਾਸ ਵਿਚੋਂ')



www.AKJ.Org

## ਮਲਾਰ ਮਹਲਾ ੫

ਗੁਰ ਸਰਣਾਈ ਸਗਲ ਨਿਧਾਨੁ ॥
ਸਾਚੀ ਦਰਗਹਿ ਪਾਈਐ ਮਾਨੁ ॥
ਭ੍ਰਮ ਭਉ ਦੂਖੁ ਦਰਦੁ ਸਭੁ ਜਾਇ ॥
ਸਾਧ ਸੰਗ ਸਦ ਹਰਿ ਗੁਣ ਗਾਇ ॥
ਮਨ ਮੇਰੇ ਗੁਰ ਪੂਰਾ ਸਾਲਾਹਿ ॥
*ਨਾਮੁ ਨਿਧਾਨੁ ਜਪਹੁ ਦਿਨੁ ਰਾਤੀ,*
*ਮਨ ਚਿੰਦੇ ਫਲ ਪਾਇ ॥੧॥ ਰਹਾਉ ॥*
ਸਤਿਗੁਰ ਜੇਵਡ ਅਵਰ ਨ ਕੋਇ ॥
ਗੁਰ ਪਾਰਬ੍ਰਹਮੁ ਪਰਮੇਸਰੁ ਸੋਇ ॥
ਜਨਮ ਮਰਣ ਦੂਖ ਤੇ ਰਾਖੈ ॥
ਮਾਇਆ ਬਿਖੁ ਫਿਰਿ ਬਹੁੜਿ ਨ ਚਾਖੈ ॥੨॥
ਗੁਰ ਕੀ ਮਹਿਮਾ ਕਥਨੁ ਨ ਜਾਇ ॥
ਗੁਰੁ ਪਰਮੇਸ਼ਰੁ ਸਾਚੈ ਨਾਇ ॥
ਸਚੁ ਸੰਜਮੁ ਕਰਣੀ ਸਭ ਸਾਚੀ ॥
ਸੋ ਮਨੁ ਨਿਰਮਲੁ ਜੋ ਗੁਰ ਸੰਗਿ ਰਾਚੀ ॥੩॥
ਗੁਰ ਪੂਰਾ ਪਾਈਐ ਵਡਭਾਗਿ ॥
ਕਾਮੁ ਕ੍ਰੋਧ ਲੋਭੁ ਮਨ ਤੇ ਤਿਆਗਿ ॥
ਕਰਿ ਕਿਰਪਾ ਗੁਰ ਚਰਣ ਨਿਵਾਸਿ ॥
ਨਾਨਕ ਕੀ ਪ੍ਰਭ ਸਚੁ ਅਰਦਾਸਿ ॥ ੪ ॥

www.AKJ.Org

# ਜੋਤ ਦੀਪਕੀ ਪਤੰਗੇ ਡਾਕਟਰ ਗੁਰਦੀਪ ਸਿੰਘ ਜੀ

ਇਹਨਾਂ ਦਾ ਪਹਿਲਾ ਨਾਮ ਨੰਦ ਸਿੰਘ ਸੀ, ਜੰਮੇ ਪਲ ਨਾਰੰਗਵਾਲ ਵਿਚ ਹੀ, ਨਾਰੰਗਵਾਲ ਵਿਚ ਛੋਟੀ ਉਮਰੇ ਵਰੇ ਵਿਆਹੇ ਗਏ। ਇਹਨਾਂ ਦੇ ਪਿਤਾ ਦਾ ਨਾਮ ਡਾਕਟਰ ਚਰਨ ਸਿੰਘ 'ਸਲੋਤਰੀ' ਸੀ। ਅੰਮ੍ਰਿਤ ਛਕ ਕੇ ਚਾਹੇ ਇਹਨਾਂ ਦਾ ਨਾਮ ਆਸਾ ਸਿੰਘ ਹੋ ਗਿਆ ਪਰ ਇਹ ਚਰਨ ਸਿੰਘ ਦੇ ਨਾਮ ਨਾਲ ਹੀ ਸਾਰੀ ਉਮਰ ਪ੍ਰਸਿਧ ਰਹੇ। ਮਿਰਤਕ ਨਾਮ ਦੀ ਚਮੇੜ ਸਾਰੀ ਉਮਰ ਚਮੇੜੀ ਹੀ ਰਖੀ। ਸਾਡੇ ਨਾਲ ਹੀ ਛੋਟੀ ਉਮਰੇ ਇਨ੍ਹਾਂ ਇਕੋ ਬਾਟੇ ਵਿਚ ਹੀ ਅੰਮ੍ਰਿਤ ਛਕਿਆ ਸੀ। ਇਸ ਕਰਕੇ ਇਹ ਸਾਡੇ ਸੁਨਹਿਰੀਏ ਵੀਰ ਕਹਾਂਵਦੇ ਸਨ। ਬਹੁਤ ਛੋਟੀ ਉਮਰ ਸੀ, ਅੰਮ੍ਰਿਤ ਦਾ ਪਾਹ ਬੜਾ ਹੀ ਗਹਿਰਾਏ ਰੰਗਾਂ ਵਿਚ ਚੜ੍ਹਿਆ ਤੇ ਕਿੰਚਤ ਕਾਲ ਹੀ ਚੜ੍ਹਿਆ ਰਿਹਾ। ਸੁਭਾਉ ਦੇ ਬੜੇ ਸੁਸ਼ੀਲ ਸਨ। ਸਰੀਰਕ ਡੀਲਡੌਲ ਵਿਚ ਬੜੇ ਹੀ ਹੁੰਦੜ ਹੇਲ ਵੀਰ ਬਾਂਕੇ ਸਨ। ਅਸੀਂ ਤਾਂ ਇਹਨਾਂ ਨੂੰ ਹਮੇਸ਼ਾਂ ਹੀ ਗੁਰਮਤਿ ਨਾਮ ਆਸਾ ਸਿੰਘ ਦੇ ਨਾਲ ਹੀ ਅਲਾਉਂਦੇ ਬੁਲਾਉਂਦੇ ਰਹ, ਪਰ ਆਮ ਲੋਕਾਂ ਵਿਚ ਇਹ ਚਰਨ ਸਿੰਘ ਕਰ ਕੇ ਹੀ ਪ੍ਰਸਿਧ ਰਹੇ। ੧੯੧੪ ਵਿਚ ਇਨ੍ਹਾਂ ਨੇ ਵੀ ਸਾਡੇ ਨਾਲ ਹੀ ਪਕੜਿਆ ਜਾਣਾ ਸੀ, ਪਰੰਤੂ ਇਹ ਪਹਿਲਾਂ ਹੀ ਕਲਕਤੇ ਨੂੰ ਖਿਸਕ ਗਏ ਅਤੇ ਕਲਕਤੇ ਤੋਂ ਬਰਮਾ ਜਾ ਵੜੇ। ਉਥੇ ਜਾ ਕੇ ਸਲੋਤਰੀ ਬਣ ਗਏ ਅਤੇ ਨੌਕਰੀ ਕਰ ਲਈ। ਬਰਮਾਂ ਵਿਚ ਇਕਲੌਤੇ ਮਪੁਤਰ ਨੰਦ ਸਿੰਘ ਨੂੰ ਵੀ ਬੁਲਾ ਲਿਆ। ਉਥੇ ਹੀ ਇਨ੍ਹਾਂ ਦੀ ਇਕ ਇਕ ਸਪੁਤਰੀ ਨੰਦ ਸਿੰਘ ਦੀ ਛੋਟੀ ਭੈਣ ਬੀਬੀ ਨੰਦ ਕੌਰ ਵੀ ਬੁਲਾ ਲਈ ਗਈ। ਉਥੇ ਹੀ ਇਨ੍ਹਾਂ ਦੋਹਾਂ ਵੀਰ ਭੈਣਾਂ ਦੀ ਮਾਤਾ ਨੇ ਵੀ ਪਾਸ ਜਾ ਨਿਵਾਸ ਕੀਤਾ।

ਨੰਦ ਸਿੰਘ ਹਰਾਂ ਦੀ ਬਰਮਾ ਨਿਵਾਸ ਦੀ ਅਵਾਇਲ ਉਮਰ ਦਾ ਸਾਨੂੰ ਪੂਰਾ ਪਤਾ ਨਹੀਂ ਸੀ, ਇਸ ਪ੍ਰਥਾਏ ਉਹਨਾਂ ਦੇ ਪਰਮ ਜਿਗਰੀ ਮਿਤਰ ਡਾਕਟਰ ਤ੍ਰਿਲੋਚਨ ਸਿੰਘ ਜੀ ਹੀ ਰੋਸ਼ਨੀ ਪਾਣਗੇ ਅਤੇ ਵਿਸਥਾਰ ਸਹਿਤ ਲਿਖਣਗੇ। ਸਾਨੂੰ ਜੋ ਸੁੰਧਕ ਮਿਲੀ ਹੈ ਉਹ ਇਹ ਹੈ ਕਿ—ਉਸਨੇ ਡਾਕਟਰੀ ਪਾਸ ਕੀਤੀ ਅਤੇ ਉਥੇ ਹੀ ਡਾਕਟਰ ਬਣਿਆ। ਇਸ ਨੇ ਡਾਕਟਰੀ ਦੀ

www.AKJ.Org

ਮੁਲਾਜ਼ਮਤ ਹਿਤੋਂ ਚਿਤੋਂ ਚਾਹ ਕੇ ਕੁਝ ਨਹੀਂ ਕੀਤੀ। ਮੁਢ ਤੋਂ ਹੀ ਇਸਦੀ ਤਬੀਅਤ ਚੇਟਕੀ ਫਕੀਰਾਂ ਦੀ ਚੇਟਕੀ ਵਾਲੀ ਸੀ। ਇਸ ਦੀ ਤੀਨਤ ਵਿਚ ਪਰਮਾਰਥੀ ਖੋਜ ਦਾ ਮਾਦਾ ਕੁਟ ਕੁਟ ਕੇ ਭਰਿਆ ਪਿਆ ਸੀ, ਜੋ ਪਿਛਲੇ ਜਨਮ ਦਾ ਹੀ ਭਰਪੂਰ ਲੀਣਾ ਅੰਕੂਰ ਸੀ, ਪਰ ਸਾਦਗੀ ਅਤੇ ਸੁਚਤਾ ਇਸ ਦੀ ਤਬੀਅਤ ਵਿਚ ਇਤਨੀ ਸੀ ਕਿ ਸੁਖੈਨ ਹੀ ਜਣੇ ਖਣੇ ਭੇਖੀ ਸਾਧ ਪਾਸੋਂ ਧੋਖਾ ਖਾ ਜਾਂਦਾ ਸੀ। ਨਾਲ ਹੀ ਇਤਨੀ ਪਛਾਣ ਦਾ ਕੁਦਰਤੀ ਮਾਦਾ ਇਸ ਦੇ ਅੰਦਰ ਮੌਜੂਦ ਸੀ, ਹੰਸਾਂ ਵਤ ਦੁਧੋਂ ਪਾਣੀ ਛਾਣ ਲੈਂਦਾ ਸੀ ਅਤੇ ਭਖੀ ਪਖੰਡੀ ਦੀ ਪਛਾਣ ਕਰ ਹੀ ਲੈਂਦਾ ਸੀ। ਚਾਹੇ ਓੜਕ ਦੇਖ ਕੇ ਹੀ ਕਰਦਾ ਸੀ ਅਰ ਕਰਨ ਸਾਰ ਹੀ ਛੱਡ ਦਿੰਦਾ ਕਿਉਂਕਿ ਹਿਰਦੇ ਦੀ ਪਰਮਾਰਥੀ ਪਿਆਸ ਨਹੀਂ ਬੁਝਦੀ ਸੀ। ਸਚੇ ਸਤਿਸੰਗ ਦੀ ਸਿਕ ਬਣੀ ਰਹਿੰਦੀ ਸੀ। ਬਰਮਾ ਵਿਚ ਜਿਥੇ ਵੀ ਕੋਈ ਉਘਾ ਸਾਧੂ ਸੁਣਿਆ ਉਸ ਦੇ ਪਿਛੇ ਜਾ ਲਗਾ ਅਤੇ ਐਸਾ ਲਗਾ ਕਿ ਤੋੜ ਤਾਂਈਂ ਉਸਦਾ ਖਹਿੜਾ ਨਹੀਂ ਛਡਿਆ। ਜਿੰਨਾ ਚਿਰ ਲਗਿਆ ਰਿਹਾ, ਅੰਨ੍ਹੇ ਨਿਸਚੇ ਨਾਲ ਲਗਿਆ ਰਿਹਾ। ਆਪਣੇ ਪੂਜ ਸਾਧੂ ਨੂੰ ਪ੍ਰਮੇਸ਼ਵਰ ਦਾ ਰੂਪ ਸਮਝ ਕੇ ਹੀ ਪੂਜਦਾ ਰਿਹਾ। ਇਸ ਸਾਧੂ ਪੂਜ ਵਿਥਿਆ ਨੂੰ ਵਿਸਥਾਰ ਸਹਿਤ ਡਾਕਟਰ ਤ੍ਰਿਲੋਚਨ ਸਿੰਘ ਹੀ ਵਰਨਣ ਕਰਨਗ ਕਿਉਂਕਿ ਉਹ ਵੀ ਇਸ ਦੇ ਸੰਗ ਸਾਥ ਹੀ ਇਸੇ ਪੰਧ ਦੇ ਪਾਂਧੀ ਕੁਝ ਚਿਰ ਰਹਿ ਚੁਕੇ ਸਨ, ਪਰ ਸਾਨੂੰ ਇਸ ਵੀਰ ਦੇ ਪਹਿਲੇ ਜੀਵਨ ਨੰਦ ਸਿੰਘੀ ਜੀਵਨ ਨਾਲ ਕੋਈ ਸਰੋਕਾਰ ਨਹੀਂ। ਸਾਡੇ ਨਾਲ ਤਾਂ ਵਾਸਤਾ ਉਦੋਂ ਹੀ ਪਿਆ ਹੈ ਜਦੋਂ ਇਹ ਬੇਹਬਲ ਬੈਰਾਗੀਅੜਾ ਅਤੀਤ ਬੈਰਾਗੀ ਹੋ ਕੇ ਸਾਰਿਆਂ ਤੋਂ ਨਿਰਾਸ ਹੋ ਕੇ ਅਤੇ ਸਾਰੇ ਭੇਖਾਂ ਦੇ ਸਾਧਾਂ ਤੋਂ ਉਦਾਸ ਉਪਰਾਮ ਹੋ ਕੇ ਅਤਿਅੰਤ ਹੀ ਵਿਆਕੁਲਤਾ ਵਿਚ ਨਿਮਰੀ-ਭੂਤ ਹੋ ਕੇ ਖੋਜਦੇ ਖੋਜਦੇ ਨਾਰੰਗਵਾਲ ਆਣ ਪੁਜੇ। ਉਥੇ ਸੁਤੇ ਸੁਭਾਵ ਹੀ ਇਸ ਦੇ ਆਉਂਦਿਆਂ ਨੂੰ ਸਤਸੰਗੀ ਮੰਡਲ ਤੇ ਕੀਰਤਨੀ ਪਰਵਾਹ ਚਲ ਰਹੇ ਸਨ। ਸਾਨੂੰ ਇਹ ਗਲ ਉਕੀ ਹੀ ਯਾਦ ਨਹੀਂ ਕਿ ਇਸ ਵੈਰਾਗੀਅੜੇ ਨੰਦ ਸਿੰਘ ਨੂੰ ਇਸ ਸਤਿਸੰਗ ਮੰਡਲੀ ਦੀ ਕਿਵੇਂ ਸੂਹ ਲਗੀ।

www.AKJ.Org

ਸਿਦਕੀ ਖੋਜੀ ਖੋਜ ਕਢ ਹੀ ਲੈਂਦੇ ਹਨ। ਸਚੀ ਖੋਜ ਦੇ ਮੁਤਲਾਸ਼ੀ ਸਚੜੀ ਆਤਮ ਔਜ ਦਾ ਆਸ਼ੀਆਨਾ (ਆਲ੍ਹਣਾ) ਤੇ ਟਿਕਾਣਾ ਭਾਲ ਹੀ ਲੈਂਦੇ ਹਨ। ਪਹਿਲੜੇ ਸਰੀਰ ਦਰਸ਼ਨ ਇਸ ਪਹਿਲ ਪਲੱਠੀਏ ਨਵਜੋਬਨੀ ਬਾਲੜੇ ਦ ਇਸ ਸਚੜੀ ਇਸ਼ਕ ਮੁਹੱਬਤ ਦੇ ਆਸ਼ਕੜੇ ਦੇ ਸਾਨੂੰ ਉਸ ਉਮਰੇ ਨਾਰੰਗਵਾਲ ਆਉਣ ਪਰ ਹੀ ਹੋਏ ਸਨ, ਦੋਨੋਂ ਹੀ ਭੈਣ ਭਾਈ ਪੁਜਕੇ ਪ੍ਰਮਾਰਥ ਦੇ ਪਾਤਰ ਸਨ। ਕੁਦਰਤੀ ਹਾਂ ਅੰਮ੍ਰਿਤ ਸੰਚਾਰ ਦਾ ਸਮਾਗਮ ਨਾਰੰਗਵਾਲ ਵਿਖੇ ਜੁੜਿਆ ਹੋਇਆ ਸੀ। ਪਰ ਯਾਦ ਨਹੀਂ ਕਿ ਕਿਹੜੇ ਮੌਕੇ ਜੁੜਿਆ ਸੀ। ਸਤਸੰਗੀ ਜਨ ਏਹਨਾਂ ਦੋਹਾਂ ਨੂੰ ਦੇਖਦੇ ਸਾਰ ਹੀ ਤਾੜ ਗਏ ਕਿ ਏਹ ਪਿਛਲੇ ਜਨਮ ਦੀਆਂ ਵਿਛੜੀਆਂ ਹੋਈਆਂ ਰੂਹਾਂ ਹਨ। ਪਿਆਰੇ ਨੰਦ ਸਿੰਘ ਜੀ ਦੀ ਪਰਮਾਰਥੀ ਪਾਤਰਤਾ ਬੜੀ ਉਚੇਰੀ ਟੀਸੀ ਤਾਂਈਂ ਅਪੜ ਚੁਕੀ ਸੀ। ਬੀਬੀ ਨੰਦ ਕੌਰ ਵੀ ਘਟ ਨਹੀਂ ਸੀ। ਇਸ ਨੂੰ ਵੀ ਆਪਣੇ ਵੀਰੇ ਨਾਲ ਜਹਾਜ਼ੇ ਚੜ੍ਹਨ ਦੀ ਤਕੜੀ ਲਿਵ ਲਗੀ ਹੋਈ ਸੀ। ਪਰ ਉਸ ਦੇ ਭਾਗਾਂ ਵਿਚ ਬੀਰ ਦੇ ਨਾਲ ਜਹਾਜ ਚੜ੍ਹਨਾ ਨਹੀਂ ਸੀ ਲਿਖਿਆ ਹੋਇਆ ਕਿਉਂਕਿ ਜਥੇ ਦੇ ਅਸੂਲਾਂ ਅਨੁਸਾਰ ਆਪਣੇ ਸੰਸਾਰਕ ਸੰਜੋਗੀ ਪਤੀ ਬਿਹੂਣ ਉਹ ਬੀਬੀ ਅੰਮ੍ਰਿਤ ਨਹੀਂ ਸੀ ਛਕ ਸਕਦੀ। ਪਤੀ ਉਸਦਾ ਅਜੇ ਪਰਮਾਰਥ ਦਾ ਪਾਂਧੀ ਬੀ ਨਹੀਂ ਸੀ ਬਣਿਆ। ਗੁਰਮਤਿ ਸਤਿਸੰਗ ਦੇ ਅਜੇ ਉਹ ਅਭਾਗਾ ਪੁਰਸ਼ ਨੇੜੇ ਭੀ ਨਹੀਂ ਸੀ ਆਇਆ ਪਰ ਬੀਬੀ ਨੰਦ ਕੌਰ ਜੀ ਦੀ ਬੜੀ ਹੀ ਆਸ਼ਾ ਸੀ ਤੇ ਪੱਕਾ ਵਿਸ਼ਵਾਸ ਸੀ ਤੇ ਧਰਵਾਸ ਸੀ ਕਿ ਇਸ ਦੀ ਨਿਜ ਸਨਿਮਰੀ ਪ੍ਰੇਰਨਾ ਦੇ ਪਰਾਇਣ ਹੋ ਕੇ ਉਸ ਦਾ ਪਤੀ ਇਕ ਦਿਨ ਜ਼ਰੂਰ ਹੀ ਅੰਮ੍ਰਿਤ ਛਕਕੇ ਤਿਆਰ ਬਰ ਤਿਆਰ ਹੋ ਜਾਵੇਗਾ। ਚਾਹੇ ਆਪਣੇ ਵੀਰ ਦੇ ਨਾਲ ਹੀ ਇਕੋ ਬਾਟੇ ਵਿਚ ਅੰਮ੍ਰਿਤ ਛਕਣ ਦਾ ਇਸ ਬੀਬੀ ਦਾ ਹਦ ਦਰਜੇ ਦਾ ਉਤਸ਼ਾਹ ਉਮਾਹਾ ਸੀ। ਪਰ ਗੁਰਮਤਿ ਅਸੂਲਾਂ ਦੀ ਪਾਬੰਦੀ ਤੇ ਆਪਣੇ ਪਤੀ ਨੂੰ ਭੀ ਆਪਣੇ ਨਾਲ ਹੀ ਨਿਸਤਾਰਨ ਦੀ ਖਾਹਸ਼ਮੰਦੀ ਭੀ ਇਸ ਬੀਬੀ ਦੀ ਅਨੂਪਮ ਸੀ। ਏਹ ਬੀਬੀ ਨੰਦ ਕੌਰ ਦੀ ਬੜੀ ਹੀ ਉਚੀ ਕੁਰਬਾਨੀ ਹੈ ਕਿ ਇਸ ਨੇ ਆਪਣੇ ਅਤਿ ਉਚੇ ਪਰਮਾਰਥੀ ਵੇਗ ਨੂੰ ਰੋਕ ਕੇ ਤਤ ਅਸੂਲਾਂ

www.AKJ.Org

ਦੀ ਅਨੁਸਾਰਤਾ ਵਾਲੀ ਤੇ ਕੁਛ ਹੋਰ ਸਮਾਂ ਉਡੀਕਣ ਦੀ ਵਿਸ਼ਾਲਤਾ ਵਿਖਾਲੀ।

ਮੈਨੂੰ ਯਾਦ ਹੈ ਕਿ ਵੀਰ ਨੰਦ ਸਿੰਘ ਜੀ ਤਾਂ ਅੰਮ੍ਰਿਤ ਛਕਣ ਹਾਰਿਆਂ ਦੇ ਮੰਡਲ ਵਿਚ ਅੰਦਰ ਬੈਠੇ ਕਾਗੋਂ ਹੰਸ ਬਣਨ ਦੀਆਂ ਤਿਆਰੀਆਂ ਕਰ ਰਹੇ ਹਨ ਤੇ ਹੰਸ ਅਵਤੰਸੀ ਉਡਾਰੀਆਂ ਲੈ ਰਹੇ ਹਨ ਅਤੇ ਉਸ ਦੀ ਸਰਬ ਗੁਣਾਂ ਗੁਰਮਤਿ ਨੂੰ ਗੁਣਾਂ ਸੁਪਾਤਰ ਭਣ ਬਾਹਰਵਾਰ ਬਰਾਂਡੇ ਵਿਚ ਬੈਠੀ ਹੋਈ ਝੂਮ ਰਹੀ ਸੀ, ਉਸਨੂੰ ਬਾਹਰ ਬੈਠੀ ਨੂੰ ਹੀ ਇਉਂ ਪ੍ਰਤੀਤ ਹੋ ਰਿਹਾ ਸੀ ਜਿਵੇਂ ਉਸ ਨੇ ਆਪਣੇ ਹੰਸ ਵੀਰੇ ਦੇ ਨਾਲ ਉਡਣਾ ਹੈ ਤੇ ਉਚ ਅਮਰ ਅਟਾਰੀ ਦੀਆਂ ਉਡਾਰੀਆਂ ਮਾਰਨੀਆਂ ਹਨ। ਆਹ ਉਹ ਵੇਲਾ ਆ ਗਿਆ। ਉਹ ਭਲਾ ਸੰਜੋਗੜਾ ਆਪਣੀ ਢੁਕਣੀ ਨੇੜੇ ਹੀ ਢੂਕ ਗਿਆ ਕਿ ਵੀਰ ਨੰਦ ਸਿੰਘ ਅਜ ਪਿਆਰਾ ਗੁਰਦੀਪ ਸਿੰਘ ਬਣਨ ਲਗਾ ਹੈ। ਅੰਮ੍ਰਿਤ ਅਧਿਕਾਰੀਆਂ ਦੀ ਪਹਿਲੀ ਕਤਾਰ ਵਿਚ ਬੈਠਾ ਹੋਇਆ ਅੰਦਰਵਾਰ ਪੰਜਾਂ ਪਿਆਰਿਆਂ ਅਗੇ ਢੁਇ ਕਰ ਜੋੜ ਅੰਮ੍ਰਿਤ ਅਭਿਲਾਖਾ ਵਿਚ ਸੰਪੂਰਨ ਹੋਇਆ ਪਿਆ ਸੀ। ਪੰਜਾਂ ਪਿਆਰਿਆਂ ਦੀ ਪ੍ਰੀਖਿਆ ਚੋਣ ਸਭ ਤੋਂ ਵਧ ਕੇ ਪਰਵਾਨ ਪਾਤਰੀ ਜੀਉੜਾ ਪਪੀਹੇ ਵਤ ਪਿਆਸਾ ਏਹ ਡਾਕਟਰ ਨੰਦ ਸਿੰਘ ਸੀ। ਇਸ ਸੁਭਾਗੇ ਸੁਖੀਂ ਲਧੜੇ ਵੀਰ ਦੇ ਪ੍ਰਗ ਖਲੋਣ ਦਾ ਸ਼ੁਭ ਸਮਾਂ ਆ ਹੀ ਗਿਆ।

ਅੰਮ੍ਰਿਤ ਛਕਣ ਸਾਰ ਪੰਜਾਂ ਪਿਆਰਿਆਂ ਦੁਆਰਾ ਦੀਖਿਆ ਗੁਰਮੰਤਰ ਮਿਲਣ ਦੀ ਦੇਰ ਸੀ ਕਿ ਇਸ ਦੀਆਂ ਅੱਖੀਆਂ ਟਟਾਰੇ ਜਾ ਲਗੀਆਂ, ਸੁਰਤੀ ਇਕ ਦਮ ਗਗਨਾਂ ਵਿਚ ਜਾ ਖੇਲੀ। ਨਾਮ ਦਾ ਖੰਡਾ ਅਜਿਹਾ ਖੜਕਿਆ ਕਿ "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ" ਵਾਲਾ ਦ੍ਰਿਸ਼ ਸਾਂਗੋ ਪਾਂਗ ਬਝ ਗਿਆ।

ਕਰੁਣਾ-ਰਸ ਪ੍ਰਾਇਣੀ ਨੀਰ ਨਿਪੰਨੀ ਫੁਹਾਰ ਅਮਰ ਬਹਾਰੀ ਹੋ ਕੇ ਨੈਨਾਂ ਵਿਚੋਂ ਪੈ ਰਹੀ ਹੈ। ਨੂਰ ਮਜਨੀ ਜੋਤ ਲਿਸ਼ਕ ਨਾਲ ਚੇਹਰਾ ਤੇ ਮਸਤਕ ਨੂਰ ਅਫਸ਼ਾਨੀ ਦਮਕ ਨਾਲ ਦਮਕ ਰਿਹਾ ਹੈ। ਇਕ ਤਾਂ ਸਰੀਰਕ ਸੁੰਦਰਤਾ ਪਹਿਲਾਂ ਹੀ ਸੁੰਦਰ-ਮੁੰਦਰੀ ਕ੍ਰਾਂਤ ਵਾਲੀ ਸੀ। ਦੂਜੇ ਉਪਰੋਂ ਜੋਤਿ ਜਗਮਗੀ ਨੂਰ ਠਰੂਰੀ ਝਲਕੇ ਝਲਕਣ ਲਗ ਪਏ। ਕੌਣ ਜਾਣੇ, ਕੌਣ ਪਛਾਣੇ, ਕਿ ਉਹ ਉਹੀ ਨੰਦ ਸਿੰਘ ਹੈ। ਚੰਦ ਚਕੋਰੀ ਦ੍ਰਿਸ਼ਟੀ 'ਲਾਇਤਾਰ ਨਿਹਾਲ' ਵਾਲਾ ਪ੍ਰਤੱਖ ਪੂਰਨਾ

www.AKJ.Org

ਪਾ ਰਹੀ ਹੈ; ਪੂਰਬਲੇ ਜਨਮਾਂ ਦੀ ਪ੍ਰਮਾਰਥ ਸਬੰਧੀ ਅਧਿਕਾਰਤਾ ਵਾਲੀ ਕਮਾਈ ਬਿਅੰਤ ਹੋਈ ਵੀ ਸੀ, ਇਸ ਜਨਮ ਦੇ ਨੰਦ ਸਿੰਘ ਚੋਲੇ ਵਾਲੇ ਪਹਿਰੇ ਵਿਚ ਬੀ ਅਣਗਿਣਤ ਪ੍ਰਮਾਰਥੀ ਸਿਕ ਵਾਲੀਆਂ ਪੰਧਾਂ ਝਾਗੀਆਂ ਹੋਈਆਂ ਸਨ। ਸੁਰਤੀਆਂ ਬਿਰਤੀਆਂ ਅੰਮ੍ਰਿਤ ਬੂੰਦ ਦੇ ਸਮਾਲਣ ਲਈ ਪੂਰਨ ਸਾਵਧਾਂਨਤਾ ਸਹਿਤ ਜਾਗੀਆਂ ਹੋਈਆਂ ਸਨ। ਅੰਮ੍ਰਿਤ ਬੂੰਦ ਮਈ ਸਵਾਂਤ ਕਣੀ ਇਸ ਪਪੀਹੜੇ ਦੇ ਮੁਖਾਰਬਿੰਦ ਅੰਦਰ ਪੈਣ ਦੀ ਦੇਰ ਸੀ ਕਿ ਅੰਤਰ ਆਤਮੇ ਅੰਮ੍ਰਿਤ ਦੀ ਸਰਸ਼ਾਰ ਧਾਰਾ ਪੂਰੇ ਵੇਗ ਵਿਚ ਵਗਣ ਲਗ ਪਈ, ਨਾਮ ਗੁਰਮੰਤਰ ਦੀਖਿਆ ਦਾ ਪੰਜਾਂ ਪਿਆਰਿਆਂ ਦੁਆਰਾ ਕੰਨਾਂ ਵਿਚ ਪ੍ਰਵੇਸ਼ ਹੋਣ ਦੀ ਦੇਰ ਹੀ ਸੀ ਕਿ ਜੋਤ ਰੰਗੀ ਨਾਮ ਦਾ ਖੰਡਾ ਆਪ ਮੁਹਾਰਾ ਖੜਕਣ ਲਗ ਪਿਆ, ਰੋਮ ਰੋਮ ਅੰਦਰ ਖੜਕਿਆ। ਐਸੀ ਚਾਬੀ ਲਗੀ ਕਿ ਇਕੋ ਵਾਰ ਹੀ ਇਹ ਖੰਡਾ ਮਈ ਪੈਂਡੂਲਮ ਐਸਾ ਤੁਰਿਆ ਕਿ, ਬਰਸਾਂ ਬਧੀ ਤੁਰਿਆ ਹੀ ਰਿਹਾ। ਨਾਮ ਅੰਮ੍ਰਿਤ ਦੀ ਐਸੀ ਝਲਕਾਰ ਅੰਤਰਗਤਿ ਬਝੀ ਕਿ ਜੋਤੀਸ਼ ਝਾਲੂ ਕਤੜਾ ਘਟ ਅੰਤਰ ਹੀ ਝਲਕਾਂ ਮਾਰਕੇ ਦੀਦਾਰ ਪਜ਼ੀਰ ਆਣ ਹੋਇਆ। ਰਸ ਜੀਭੇ ਗੁਰਦੀਪ ਸਿੰਘ ਨੂੰ ਕੀ ਪਤਾ ਸੀ ਕਿ ਜਿਸ ਦੀਦਾਰ ਲਈ ਉਹ ਹੁਣ ਤਾਂਈਂ ਸਾਰੀ ਉਮਰ ਬਾਹਯ ਮੁਖੀ ਢੂੰਢਣੀਆਂ ਢੂੰਢਦਾ ਰਿਹਾ, ਉਸ ਅਨੂਪਮ ਦੀਦਾਰ ਦੇ ਝਲਕਾਰੇ ਉਸ ਦੇ ਘਟ ਅੰਦਰ ਹੀ ਆਏ ਪ੍ਰਗਟ ਪਹਾਰੇ ਦਿਸਣ ਲਗ ਪੈਣਗੇ। ਜੋਤੀਸ਼ੀ ਜੋਤ ਅੰਦਰੋਂ ਪਰਜੁਲਤ ਹੋ ਕੇ ਬਾਹਰਲੇ ਗਗਨ ਮੰਡਲੀ ਪੁਲਾੜ ਵਿਚ ਸਾਰੇ ਪਸਰ ਗਈ। ਅੰਦਰ ਵੀ ਅਤੇ ਬਾਹਰ ਵੀ ਇਕੋ ਜੋਤੀਸ਼ ਕਰਤਾਰ ਦੇ ਜੰਤ ਝਾਲੂ ਦੀਦਾਰੜੇ ਸਾਮਰਤਖ ਹੋਣਾ ਲੋਇਣਾ ਦੀ ਤਾਰ ਇਕ ਟਕ ਇਹਨਾਂ ਪ੍ਰਤਖ ਦੀਦਾਰਿਆਂ ਵਲ ਹੀ ਲਗ ਰਹੀ ਸੀ। ਪਰੇਮ ਕਸਾਈਆਂ ਅਖੜੀਆਂ ਹਰਿ ੨ ਨਾਮ ਪੇਖਣ ਵਿਚ ਰੁਝੀਆਂ ਹੋਈਆਂ ਸਨ। ਵਾਹਿਗੁਰੂ ਨਾਮ ਦੇ ਜੋਤ ਜਗੰਨੇ ਦੀਦਾਰੇ ਨਾਮੀ ਵਾਹਿਗੁਰੂ ਦੇ ਪ੍ਰਤਖ ਦਰਸ਼ਨ ਝਲਕਾਰੇ ਸਨ। ਇਸ ਜੋਤ ਦੀਦਾਰੜ ਰਸਿਕ ਰਸੀਅੜੇ ਦਿਬ ਰੰਗਾਂ ਦੇ ਅਜਬ ਅਜਬਾਲੜ ਬਿਸਮਾਦ ਅਹਿਲਾਦੀ ਸੁਆਦ ਸਨ। ਇਹੀ ਕਾਰਣ ਸੀ ਕਿ ਬਿਸਮਾਦ ਰੰਗਾਂ ਵਿਚ ਗੜੂੰਦ ਹੋਏ ਗੁਰਦੀਪ ਸਿੰਘ ਦੇ ਰਸਨਾ ਲੋਇਣ; ਅਗੰਮੀ ਦ੍ਰਿਸ਼ ਵਿਖੇ ਓਤ ਪੋਤ ਲਪਟਾਏ ਰਹੇ ਸਨ। ਅਜ ਗੁਰੂ ਵਰੋਸਾਏ ਗੁਰਦੀਪ

www.AKJ.Org

ਸਿੰਘ ਦੀਆਂ ਚਰੋਕਣੀਆਂ ਚਿਰ ਜੀਵਨੀਆਂ ਆਸਾਂ ਪੂਰੀਆਂ ਹੋ ਗਈਆਂ। ਰੋਮ ਰੋਮ ਰਬੀ ਸ਼ੁਕਰਾਨੇ ਵਿਚ ਭਿਜਿਆ ਕਰਤਾਰ ਕਰਤਾਰ ਹੀ ਪੁਕਾਰ ਰਿਹਾ ਹੈ। ਜਿਉਂ ਜਿਉ ਇਹ ਟੇਰ ਪੁਕਾਰ ਵਧਦੀ ਜਾਂਦੀ ਹੈ, ਤਿਉਂ ਤਿਉਂ ਹੋਰ ਤੋਂ ਹੋਰ ਵਧੇਰੇ ਚੋਜ ਬਿਨੋਦੀ ਰੰਗੀਸ਼ਰੀ ਜਲਵੇ ਇਕ ਅਤਿਅੰਤ ਅਕਹਿ ਰਬੀ ਜਮਾਲ ਅਤੇ ਜਲਾਲ ਵਿਚ ਚੇਹਰੇ ਤੇ ਚੜ੍ਹ ਰਹੇ ਹਨ ਉਹ ਨਜ਼ਾਰਾ ਵੇਖਣ ਯੋਗ ਹੀ ਸੀ। ਜਿਸ ਜਿਸ ਨੇ ਭੀ ਨਵ ਜੰਮਨੇ ਗੁਰਦੀਪ ਸਿੰਘ ਨੂੰ ਇਨ੍ਹਾਂ ਰੰਗਾਂ ਵਿਚ ਦੇਖਿਆ, ਉਸਦੇ ਉਪਰ ਦੇਖਨਸਾਰ ਹ ਅਧਿਭੁਤ ਵਿਸਮਾਦ ਰੰਗਤਾਰੀ ਹੋ ਗਿਆ। ਅਤਿਅੰਤ ਚੋਜ ਵਿਲਖਣੀ ਵਾਰਤਾ ਉਸ ਸਮੇਂ ਇਹ ਹੋਈ ਜੋ ਵੇਖਣ ਵਿਚ ਨਹੀਂ ਆਈ ਕਿ ਵੀਰ ਗੁਰਦੀਪ ਸਿੰਘ ਦੀ ਭੈਣ ਨੰਦ ਕੌਰ ਦੇ ਬਾਹਰ ਬਰਾਂਡੇ ਵਿਚ ਬੈਠੀ ਹੀ ਦੋਨੈਣ ਜੁੜ ਗਏ ਅਤੇ ਅਪਨੇ ਆਪ ਹੀ ਨਾਮ ਦਾ ਖੰਡਾ ਖੜਕਣ ਲਗ ਪਿਆ ਅਤੇ ਪੂਜ ਕੇ ਪੂਜਯ ਪਿਆਰ ਦੇ ਕੇਂਦਰ ਵੀਰ ਗੁਰਦੀਪ ਸਿੰਘ ਦੀਆਂ ਅੰਦਰ ਅੰਮ੍ਰਿਤ ਮੰਡਲ ਵਿਚ ਬੈਠਿਆਂ ਹੀ ਵਾਇਰਲੈਸ ਤਰਾਂ ਵੀ ਨੰਦ ਕੌਰ ਦੀ ਨਿਮਾਨੜੀ ਜਿੰਦੜੀ ਅੰਦਰ ਫਿਰ ਗਈਆਂ। ਅੰਮ੍ਰਿਤ ਮੰਡਲੀ ਖੰਡ ਅੰਦਰਲਾ ਸਾਰਾ ਸੰਚਾਰ ਸਮਾਗਮ ਗੁਪਤੋ ਗੁਪਤੀ ਅੰਤ੍ਰਿੰਗ ਵਿਚ ਹੀ ਚਲੇ ਆਉਣ ਦੀ ਮਰਯਾਦਾ ਵਾਲਾ ਧੁਰਵਾ ਮੁਢੋਂ ਹੀ ਬਝਿਆ ਆਇਆ ਹੈ। ਕੇਵਲ ਅੰਮ੍ਰਿਤ ਅਧਿਕਾਰੀ ਸਜਣ ਹੀ ਉਸ ਮੰਡਲ ਅੰਦਰ ਜਾ ਸਕਦੇ ਹਨ। ਅੰਮ੍ਰਿਤ ਸੰਚਾਰੀ ਪੰਜਾਂ ਪਿਆਰਿਆਂ ਦੇ ਅੰਦਰ ਇਕ ਦਮ ਇਸ ਇਕੋ ਉਮਾਹੇ ਦੀ ਤਾਰ ਫਿਰ ਗਈ ਕਿ ਇਸ ਨਵ ਜਨਮੇ ਵੀਰ ਗੁਰਦੀਪ ਸਿੰਘ ਦਾ ਨੌਬਹਾਰੀ ਦਰਸ਼ਨ ਬਾਹਰੋਂ ਹੀ ਬਾਰੀਆਂ ਦੇ ਸ਼ੀਸ਼ੇ ਵਿਚ ਦੀ ਉਸ ਨੀਮ ਮਤਵਾਲੀ ਭੈਣ ਨੰਦ ਕੌਰ ਨੂੰ ਦਿਖਾਇਆ ਜਾਵੇ। ਬਸ-ਦਿਖਾਵਣ ਦੀਦੇਰ ਹੀ ਸੀ ਕਿ ਦੇਖਣਸਾਰ ਬਿਸਮਲ ਵਿਸਮਾਦੀ ਅਰਸ਼ੁ ਕੁਰਜ਼ਾਂ ਵਾਲੇ ਦਿਬ ਦੀਦਾਰਿਆਂ ਨੂੰ ਨਾ ਸਹਾਰਦੀ ਹੋਈ ਗਸ਼ ਖਾ ਕੇ ਡਿਗ ਪਈ। ਬੀਬੀ ਨੰਦ ਕੌਰ ਧੜੰਮ ਕਰਕੇ ਧਰਤੀ ਤੇ ਜਾ ਡਿਗੀ ਤੇ ਡਿਗਣ ਸਾਰ ਬੇਹੋਸ਼ ਹੋ ਗਈ। ਘੰਟਿਆਂ ਬਧੀ ਉਸ ਨੂੰ ਹੋਸ਼ ਨਾ ਰਹੀ, ਆਖਰ ਉਸ ਨੂੰ ਤਾਂ ਹੋਸ਼ ਆ ਗਈ ਪਰ ਅੰਦਰ ਬੈਠੇ ਵੀਰ ਗੁਰਦੀਪ ਸਿੰਘ ਦੀ ਸਮਾਧੀ ਉਵੇਂ ਜਿਵੇਂ ਹੀ ਜੁੜੀ ਰਹੀ। ਅੰਮ੍ਰਿਤ ਸੰਚਾਰ ਸਮਾਗਮ ਵੀ ਚਿਰੋਕਣਾ ਸਮਾਪਤ ਹੋ ਚੁਕਾ

www.AKJ.Org

ਸੀ । ਨਵੀਨ ਅੰਮ੍ਰਿਤਧਾਰੀ ਸਾਰੀਆਂ ਰੂਹੜੀਆਂ ਜਿਨ੍ਹਾਂ ਦੇ ਨਾਲ ਹੀ ਇਸ ਵੀਰੜੇ ਗੁਰਦੀਪ ਸਿੰਘ ਨੇ ਅੰਮ੍ਰਿਤ ਛਕਿਆ ਸੀ, ਸਾਵਧਾਨ ਹੋ ਕੇ ਉਸ ਮੰਡਲ ਵਿਚੋਂ ਉਠ ਪਧਾਰੀਆਂ। ਅੰਮ੍ਰਿਤ ਛਕਾਉਣ ਵਾਲੇ ਪੰਜਾਂ ਪਿਆਰਿਆਂ ਨੇ ਵੀ ਇਹੋ ਵੀਚਾਰਿਆ ਕਿ ਉਸ ਰੰਗ ਰੰਗੀਲੜੇ ਪਿਆਰੜੇ ਨੂੰ ਏਹਨਾਂ ਰੰਗਾਂ ਵਿਚ ਹੀ ਇਕਾਂਤ ਬੈਠੇ ਰਹਿਣ ਦਿਤਾ ਜਾਵੇ ਅਤੇ ਖੁਲ੍ਹੇ ਆਤਮ-ਔਜੀ ਰੰਗ ਮਾਨਣ ਦਿਤੇ ਜਾਵਣ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੇ ਸਨਮੁਖ ਹੀ ਇਹ ਸਮਾਧੀ ਲਗੀ ਹੋਈ ਸੀ । ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬੇ ਸਜਿਆ ਹੋਇਆ

ਗ੍ਰੰਥੀ ਅਦਲਾ ਬਦਲੀ ਕਰਦਾ ਰਿਹਾ। ਕਦੇ ਕੋਈ ਗ੍ਰੰਥੀ ਸਿੰਘ ਤਾਬਿਆ ਆ ਬੈਠੇ । ਕਦੇ ਹੋਰ ਦੂਜਾ ਗੁਰਮੁਖ ਸਿੰਘ ਆਇ ਬਦਲੀ ਕਰੇ । ਪਰੰਤੂ ਇਕੋ ਬੈਠਣੀ ਬੈਠੇ ਹੋਏ ਵੀਰ ਗੁਰਦੀਪ ਸਿੰਘ ਜੀ ਦੀ ਨਾ ਹੀ ਸਮਾਧੀ ਖੁਲੀ, ਨਾ ਹੀ ਅੰਗ ਹਿਲੇ, ਨਾ ਹੀ ਅਖੀਆਂ ਫੜਕੀਆਂ, ਨਾ ਹੀ ਝਮਣੀਆਂ ਝਮਕੀਆਂ । ਵਾਹ ! ਵਾਹ ! ਖੂਬ ਗਟਾਕ ਰਸ ਭੁੰਚਣੇ ਭੁੰਚੇ, ਚਿਰਾਂ ਦੇ ਪਿਆਸੇ ਵੀਰ ਗੁਰਦੀਪ ਸਿੰਘ ਜੀ ਦੇ ਬਾਹਰਲੀਆਂ ਸੰਗਤਾਂ ਇਹ ਦੀਦਾਰੇ ਦੇਖਣ ਲਈ ਬੇਹਬਲ ਹੋ ਰਹੀਆਂ ਸਨ, ਤਾਂ ਇਸ ਦਾਸਰੇ ਨੂੰ ਸੰਗਤਾਂ ਵਲੋਂ ਹੁਕਮ ਹੋਇਆ ਕਿਵੇਂ ਨ ਕਿਵੇਂ ਇਸ ਰਸ ਸਥਿਤੀ ਸਮਾਧੀ ਤੋਂ ਸਾਵਧਾਨ ਕਰਾਕੇ ਵੀਰ ਗੁਰਦੀਪ ਸਿੰਘ ਨੂੰ ਬਾਹਰ ਲਿਆ ਕੇ ਸੰਗਤਾਂ ਨੂੰ ਦੀਦਾਰ ਕਰਾਏ ਜਾਣ । ਦਾਸ ਹੁਕਮ ਮੰਨ ਕੇ ਅੰਦਰ ਗਿਆ, ਕਲੇਜੇ ਨੂੰ ਸੰਭਾਲ ਕੇ ਅਜਰ ਜੀਰਾਨੀ ਜੀਰਾਂਦ ਨੂੰ ਜਰ ਕੇ ਆਤਮ ਕੇਲਾਂ ਜਾ ਖੇਲੀਆਂ । ਵੀਰ ਗੁਰਦੀਪ ਸਿੰਘ ਜੀ ਦੀ ਸਮਾਧ ਸਥਿਤ ਮੂਰਤੀ ਨੂੰ ਪ੍ਰੇਮ ਹਲੋਰਿਆਂ ਸੇਤੀ ਜਾਏ ਹਲੂਣਿਆ।ਗਲ ਕੀ ਉਸੇ ਤਰ੍ਹਾਂ ਚੜੀ ਹੋਈ ਪ੍ਰੇਮ ਖੁਮਾਰੀ ਵਿਚ ਲਟਕੋਰ ਲੈਂਦੇ ਵੀਰ ਗੁਰਦੀਪ ਸਿੰਘ ਜੀ ਨੂੰ ਮਸੀਂ ਮਸੀਂ ਮੋਡੇ ਲਾ ਕੇ ਬਾਹਰ ਸੰਗਤਾ ਵਿਚ ਲੈ ਆਇਆ।ਸੰਗਤਾਂ ਨੇ ਚਰਨ ਸ਼ਰਨੀ ਘੁਮ-ਘਲਨੀ ਵਾਰਨੜੇ ਬਲਿਹਾਰਨੜੇ ਪ੍ਰਕਰਮੜੇ ਵੀਰ ਪ੍ਰੇਮੀ ਦੇ ਬਾਰੰਬਾਰ ਕੀਤੇ। ਮਗਨ ਮਗਨਸਟ ਪ੍ਰੇਮ ਮਗਨਸਟ ਬ੍ਰਿਤੀਆਂ ਖੁਲ੍ਹੀਆਂ, ਸੁਰਤੀਆਂ ਸਾਵਧਾਨ ਹੋਈਆਂ । ਝੂਲੀਆਂ ਖੁਲੀਆਂ ਇਲਾਹੀ ਨਾਦ ਦੀਆਂ ਕੀਰਤਨ ਗੂੰਜਾਂ ਗੂੰਜਣ ਲਗ ਪਈਆਂ । ਪਤਾ ਨਹੀਂ ਕਿਤਨਾ ਚਿਰ ਕੀਰਤਨ ਅਖਾੜੇ ਜੁੜੇ ਰਹੇ। ਇਹ ਵੀ ਪਤਾ ਨਹੀਂ ਕਿਤਨੇ ਚਿਰਾਕੇ ਦਿਨਾਂ ਪਿਛੋਂ ਆਪਣੇ ਸੰਸਾਰਕ

www.AKJ.Org

ਪ੍ਰਵਾਰ ਵਿਚ ਵੀਰ ਗੁਰਦੀਪ ਸਿੰਘ ਦਾ ਮੁੜ ਜੁੜਨਾ ਹੋਇਆ। ਵੀਰ ਗੁਰਦੀਪ ਜੀ ਦੀ ਧਰਮ ਪਤਨੀ ਨੇ ਉਨ੍ਹਾਂ ਦੇ ਨਾਲ ਹੀ ਅੰਮ੍ਰਿਤ ਛਕਿਆ। ਇਹ ਜੋੜੀ ਤਿਆਰ ਬਰ ਤਿਆਰ ਹੋ ਕੇ ਹੀ ਫਿਰ ਬਰਮਾ ਨੂੰ ਪਧਾਰੀ। ਵੀਰ ਗੁਰਦੀਪ ਸਿੰਘ ਜੀ ਬਰਮਾ ਨੂੰ ਹੀ ਪਧਾਰੇ। ਬਰਮਾ ਜਾਇ ਪਧਾਰਨ ਸਾਰ ਹੀ ਜਗਮਗੀ ਜੋਤਾਂ ਦੀ ਘਣ ਪਹਿਲ ਰੰਗੂਨ ਤੇ ਫੇਰ ਹੋਰ ਸ਼ਹਿਰਾਂ ਦੀ ਸੰਗਤ ਵਿਚ ਜਾ ਚੜ੍ਹੀ। ਇਸ ਵੀਰ ਦੇ ਸਤਿਸੰਗ ਪ੍ਰਭਾਵ ਨਾਲ ਬਰਮਾ ਅੰਦਰ ਕੀਰਤਨੀ ਸਤਿਸੰਗ ਮੰਡਲ ਦਾ ਜਥਾ ਚੜ੍ਹਦੀ ਕਲਾ ਵਿਚ ਸੁਰਜੀਤ ਹੋ ਗਿਆ। ਵੀਰ ਗੁਰਦੀਪ ਸਿੰਘ ਜੀ ਦੀ ਇਸ ਚਲੂਲੇ ਰੰਗਾਂ ਵਾਲੀ ਦਸ਼ਾ ਨੂੰ ਦੇਖ ਕੇ ਅਨੇਕਾਂ ਰੂਹੜੀਆਂ ਅੰਦਰ ਇਹ ਚਾਉ ਉਪਜਿਆ ਕਿ ਏਹਨਾਂ ਰੰਗਾਂ ਵਿਚ ਜਾ ਖੇਡੀਏ। ਕਈ ਚਾਏ ਚਾਈਏ, ਜੀਅੜੇ ਜੋਤਿ ਰੰਗੀ ਛੁਹਾਏ ਪਾ ਕੇ ਉਹਨਾਂ ਹੀ ਰੰਗਾਂ ਵਿਚ ਜਾਗ ਉਠੇ।

ਜਿਨ੍ਹਾਂ ਜਿਨ੍ਹਾਂ ਬਰਮਾ ਨਿਵਾਸੀ ਵੀਰਾਂ ਨੇ ਵੀਰ ਗੁਰਦੀਪ ਸਿੰਘ ਜੀ ਦਾ ਨੰਦ ਸਿੰਘੀ ਹੀ ਰੰਗ ਢੰਗ ਦੇਖਿਆ ਸੀ, ਉਹ ਤਾਂ ਇਸ ਜ਼ਿੰਦਗੀ ਦੇ ਨਵੇਂ ਪਲਟੇ ਨੂੰ ਦੇਖਣ ਸਾਰ ਹੀ ਦੰਗ ਰਹਿ ਗਏ। ਬਰਮਾ ਦੀ ਸਿਖੀ ਸਿਦਕ ਵਾਲੀ ਸਿਖ ਪਨੀਰੀ ਅੰਦਰ ਤਾਂ ਉਹ ਜੋਤ ਜਾ ਜਗਾਈ, ਖਾਸ ਕਰ ਪੈਬੋਈ ਦੀ ਸੰਗਤ ਅੰਦਰ ਉਹ ਸਤਿਸੰਗੀ ਰੰਗੀ ਆਤਮ ਕਲਾ ਵਰਤੀ ਕਿ ਪੈਬੋਈ ਦਾ ਖਿਤਾ ਇਕ ਬੈਕੁੰਠ ਧਾਮੀ ਸਤਿਸੰਗ ਅਖਾੜਾ ਬਣ ਗਿਆ। ਕਈ ਸਾਲਾਂ ਪਿਛੋਂ ਬਰਮਾ ਤੋਂ ਕਿਸੇ ਕਾਰਣ ਵਾਪਸ ਪੰਜਾਬ ਆਏ। ਗੁਜਰਵਾਲ ਦੇ ਡਾਕਟਰ ਰਣਧੀਰ ਸਿੰਘ ਦਾ ਅਪਨੀ ਜਬਾਨੀ ਇਹ ਕਥਨ ਹੈ ਕਿ ਬਰਮਾ ਅੰਦਰ ਤਾਂ ਸਚ-ਮੁਚ ਇਕ ਬੈਕੁੰਠ ਧਾਮੀ ਅਖਾੜਾ ਬਝਿਆ ਹੋਇਆ ਹੈ। ਉਹ ਹੈ ਪੈਬੋਈ ਦਾ ਖਿਤਾ। ਉਸਦਾ ਰੰਚਕ ਚਮਤਕਾਰ ਅਸਾਡੇ ਰੰਗੂਨ ਵਿਚ ਵੀ ਆਇ ਪਿਆ ਹੈ। ਚਾਹੇ ਮੈਂ (ਉਸ ਡਾਕਟਰ ਰਣਧੀਰ ਸਿੰਘ ਨੇ ਆਖਿਆ) ਉਕਾ ਹੀ ਮਾਇਆ ਮਨੂਰ ਹੋਇਆ ਪਿਆ ਪ੍ਰਮਾਰਥ ਦੇ ਪਾਸੇ ਵਲੋਂ ਇਕ ਕੋਰੜੂ ਮੋਠ ਹੀ ਹਾਂ, ਪਰ ਮੇਰੇ ਵਿਚ ਇਤਨਾ ਅਹਿਸਾਸ ਬਾਕੀ ਹੈ ਕਿ ਗੁਰਮਤਿ ਦੇ ਤਤਿ ਪ੍ਰਮਾਰਥ ਨੂੰ ਜਾਂਚ ਸਕਾਂ", ਫਿਰ ਮੇਰੇ ਸਨਮੁਖ ਹੋ ਕੇ ਆਖਣ ਲਗਾ—ਮੈਂ ਆਪ ਦਾ ਵੀ ਸਮਨਾਮੀ ਵੀਰ ਹਾਂ ਮੇਰਾ ਨਾਮ ਵੀ ਰਣਧੀਰ ਸਿੰਘ ਹੈ ਅਤੇ ਆਪ ਦਾ ਵੀ ਇਹੋ

www.AKJ.Org

ਨਾਮ ਹੈ । ਪਰ ਜਿਵੇਂ ਪ੍ਰਮਾਰਥ ਦੇ ਰੂਹਾਨੀ ਪਾਸੇ ਵਲ ਆਪ ਜੀ ਨੇ ਤਰੱਕੀ ਕੀਤੀ ਹੈ ਉਵੇਂ ਜਿਵੇਂ ਹੀ ਬਲਕਿ ਓਦੂੰ ਵਧ ਪੰਥਕ ਉਪਕਾਰ ਦੇ ਪਾਸੇ ਵਲ ਜੋ ਮੈਂ ਤਰੱਕੀ ਕੀਤੀ ਹੈ ਉਹ ਵੀ ਹਦ ਨੂੰ ਪਹੁੰਚ ਗਈ ਹੈ । ਇਨ੍ਹਾਂ ਹਦਾਂ ਦੀ ਸਮਸਰਤਾ ਹੁੰਦਿਆਂ ਹੋਇਆਂ ਭੀ ਮੈਂ ਰੂਹਾਨੀ ਪਾਸੇ ਵਲੋਂ ਉਕਾਹੀ ਸੁੰਞਾਂ ਹਾਂ । ਇਹ ਗੁਰੂ ਦੀ ਕਿਰਪਾ ਹੈ ਕਿ ਮੇਰੇ ਅੰਦਰ ਪੰਥ ਦੇ ਨਕਦੋ ਨਕਦੀ ਸਚੇ ਹੀਰੇ ਪਛਾਨਣ ਦੀ ਕਾਬਲੀਅਤ ਬਾਕੀ ਹੈ । ਸਾਡੇ ਰੰਗੂਨ ਅੰਦਰ ਆਪ ਦੀ ਸ਼੍ਰੇਣੀ ਦੇ ਹੀਰੇ ਵੀਰ ਵਿਸਾਖਾ ਸਿੰਘ ਅਤੇ ਵੀਰ ਅਮਰ ਸਿੰਘ (ਪੂਰਨ ਸਿੰਘ) ਐਸੇ ਦਮਕ ਰਹੇ ਹਨ ਕਿ ਜਿਨ੍ਹਾਂ ਦੇ ਅਗੇ ਅੱਖਾਂ ਨੀਵੀਆਂ ਹੋ ਜਾਂਦੀਆਂ ਹਨ । ਸੰਸਾਰ ਕਰਕੇ ਚਾਹੇ ਉਹ ਗਰੀਬ ਤਬਕੇ ਵਿਚੋਂ ਹੀ ਹਨ; ਪਰ ਉਨ੍ਹਾਂ ਦੀ ਅੰਦਰੂਨੀ ਜ਼ਿੰਦਗੀ ਦੀ ਕਦਰੋ ਕੀਮਤ ਪਛਾਨਣ ਵਾਲਾ ਮੇਰੇ ਸਾਰਖਾ ਜੌਹਰੀ ਵੀਰ ਅਜ ਆਪ ਦੇ ਮੌਜੂਦ ਹੈ । ਮੈਂ ਆਪ ਨੂੰ ਫਿਰ ਦੁਬਾਰਾ ਕਹਾਂਗਾ ਕਿ ਇਹ ਸਾਰਾ ਪ੍ਰਤਾਪ ਇਥੋਂ ਹੀ ਆਤਮ ਰੰਗਾਂ ਵਿਚ ਰੰਗੇ ਹੋਏ ਡਾਕਟਰ ਗੁਰਦੀਪ ਸਿੰਘ ਜੀ ਦੇ ਬਰਮਾ ਵਿਚ ਜਾਣ ਦਾ ਹੈ ।

ਡਾਕਟਰ ਗੁਰਦੀਪ ਸਿੰਘ ਜੀ ਦੇ ਡਾਕਟਰੀ ਉਪਕਾਰ ਵੀ ਅਲੌਕਿਕ ਹਨ । ਡਾਕਟਰ ਗੁਰਦੀਪ ਸਿੰਘ ਜੀ ਦੇ ਸੁਭਾਉ ਦੀ ਮੁਲਾਇਮਤ ਐਸੀ ਸੀ ਕਿ ਜਿਸ ਭੀ ਮਰੀਜ਼ ਨਾਲ ਉਨ੍ਹਾਂ ਨੇ ਬਚਨ ਬਿਲਾਸ ਕੀਤੇ, ਉਸ ਦਾ ਅੱਧਾ ਮਰਜ਼ ਤਾਂ ਬਚਨ ਬਿਲਾਸ ਦੀ ਮੌਜ ਦੇ ਨਾਲ ਹੀ ਦੂਰ ਹੋ ਗਿਆ । ਅਤਿ ਗਰੀਬਾਂ ਦੇ ਨਾਚੀਜ ਅਛੂਤ ਸ਼੍ਰੇਣੀਆਂ ਦੇ ਘਰਾਂ ਅੰਦਰ ਜੋ ਜੋ ਮਰੀਜ਼ ਇਸ ਪਿਆਰੇ ਡਾਕਟਰ ਗੁਰਦੀਪ ਸਿੰਘ ਜੀ ਨੇ ਪੇਖੇ ਸੁਣੇ, ਉਹਨਾਂ ਦੀ ਘਰ ਘਰ ਜਾ ਕੇ ਰਾਤੋ ਬਰਾਤੇ ਦਵਾਈ ਕੀਤੀ, ਪਲਿਓਂ ਖਰਚ ਕੀਤਾ ਤੇ ਸਭ ਦੀ ਢਾਰਸ ਬੰਨ੍ਹਾਂਈ । ਸਭਨਾਂ ਦੇ ਅੰਦਰ ਨਵੀਂ ਜ਼ਿੰਦਗੀ ਲਿਆਂਦੀ । ਕੋਈ ਮਰੀਜ਼ ਕਿਸੇ ਸ਼ਰੇਣੀ ਦਾ ਚਾਹੇ ਅਧੀ ਰਾਤੀਂ ਜਾ ਕੇ ਸੁਨੇਹਾ ਪਹੁੰਚਾਇ ਕਿ ਡਾਕਟਰ ਗੁਰਦੀਪ ਸਿੰਘ ਨੂੰ ਖਬਰ ਕਰ ਦੇਵੇ । ਉਨ੍ਹਾਂ ਨੇ ਉਸੇ ਵੇਲੇ ਚਲ ਕੇ ਉਸ ਗਰੀਬ ਦੇ ਘਰ ਆ ਤੁਰਨਾ; ਕੋਈ ਫੀਸ ਨਹੀਂ ਲੈਣੀ, ਹੋਰ ਡਾਕਟਰਾਂ ਦੀ ਰੀਸ ਦੀ ਘੜੀਸ ਨਹੀਂ ਕਰਨੀ । ਮਰੀਜ਼ਾਂ ਪਾਸ ਆਇ ਕੇ ਪਰਲੇ ਦਰਜੇ ਦੇ ਮਿਠ

www.AKJ.Org

ਬਣਾੜ ਹੋ ਕੇ ਪੰਸ਼ ਆਉਣਾ, ਫੇਰ ਕਈ ਕਈ ਫੇਰੇ ਪਾਉਣੇ। ਜਦ ਤਾਈਂ ਬੀਮਾਰ ਰਾਜ਼ੀ ਨਾ ਹੋ ਜਾਵੇ, ਤਦ ਤਾਈਂ ਫ਼ੇਰੇ ਪਾਉਂਦੇ ਹੀ ਰਹਿਣਾ।

ਡਾਕਟਰ ਗੁਰਦੀਪ ਸਿੰਘ ਜੀ ਦੇ ਮਰੀਜ਼ਾਂ ਨਾਲ ਜਿਗਰੀ ਹਮਦਰਦੀ ਪੂਰਤ ਵਰਤਾਓ ਦਾ ਜ਼ਿਕਾ ਆਮ ਤੌਰ ਤੇ ਮੰਨਿਆ ਪ੍ਰਮੰਨਿਆ ਹੋਇਆ ਸੀ ਕਿ ਜਿਸ ਮਰੀਜ਼ ਨੂੰ ਡਾਕਟਰ ਗੁਰਦੀਪ ਸਿੰਘ ਜੀ ਹਥ ਪਾਉਂਦੇ ਹਨ, ਉਸ ਦੀ ਸ਼ਫਾ ਸ਼ਰਤੀਆ ਹੁੰਦੀ ਹੈ। ਬਰਮਾ ਤੋਂ ਡਾਕਟਰੀ ਦੀ ਜ਼ਿੰਮੇਵਾਰੀ ਪੋਸਟ ਛਡ ਕੇ ਸਰਕਾਰੀ ਮੁਲਾਜ਼ਮ ਹੋਣ ਨੂੰ ਮਹਿਜ਼ ਗੁਲਾਮੀ ਗਰਦਾਨ ਕੇ, ਨਾਰੰਗਵਾਲ, ਗੁਜਰਵਾਲ, ਟਿਕ ਕੇ ਉਦਾਲੇ ਪੁਦਾਲੇ ਦੇ ਪਿੰਡਾਂ ਦੇ ਸਾਰਿਆਂ ਮਰੀਜ਼ਾਂ ਦੀ ਸੇਵਾ ਸਿਰ ਤੇ ਚੁਕ ਲਈ, ਨਿਸ਼ਕਾਮ ਸੇਵਾ ਕਰਨੀ ਅਰੰਭੀ। ਗਰੀਬਾਂ ਤੋਂ ਦਵਾਈ ਦੀ ਭੀ ਕੀਮਤ ਨਹੀਂ ਲੈਂਦੇ ਸਨ। ਸਗੋਂ ਪਲਿਓਂ ਦੇ ਕੇ ਦਵਾ ਦਾਰੂ ਕਰਦੇ ਸਨ। ਅਮੀਰ ਤਬਕੇ ਪਾਸੋਂ ਭੀ ਕਦੇ ਫੀਸ ਨਹੀਂ ਮੰਗੀ। ਬੜੇ ਹਸਮੁਖ ਹੋ ਕੇ ਉਨ੍ਹਾਂ ਦੇ ਸੱਦੇ ਬੁਲਾਏ ਹੋਏ ਘਰ ਤੇ ਜਾਣਾ, ਰਾਤ ਹੋਵੇ, ਚਾਹੇ ਦਿਨ ਹੋਵੇ, ਚਾਹੇ ਬਾਰਸ਼ ਮੂਸਲਾਧਾਰ ਪੈਂਦੀ ਹੋਵੇ, ਭਾਵੇਂ ਅੰਧੇਰੀ ਵਗਦੀ ਹੋਵੇ, ਜਾਣੋਂ ਕਦੀ ਨਹੀਂ ਟਲਣਾ। ਜਿਸ ਨਿਸ਼ਕਾਮ ਸ਼ਫਾਤ ਦਾ ਸਿਟਾ ਇਹ ਹੁੰਦਾ ਸੀ ਕਿ ਇਨ੍ਹਾਂ ਦਾ ਇਲਾਜ ਹਮੇਸ਼ਾਂ ਹੀ ਕਾਮਯਾਬ ਰਹਿੰਦਾ ਸੀ। ਗਰੀਬਾਂ ਨੂੰ ਤਾਂ ਆਪਣੇ ਪਲਿਉਂ ਦਵਾਈ ਦੇਂਦੇ ਸਨ। ਅਮੀਰਾਂ ਪਾਸੋਂ ਦਵਾਈ ਦੇਣ ਦਾ ਮੁਲ ਜਾਇਜ਼ ਵਸੂਲ ਕਰਦੇ ਸੀ। ਪਰ ਇਨ੍ਹਾਂ ਪਿੰਡਾਂ ਦੇ ਸਰਦੇ ਪੁਜਦੇ ਘਰਾਣੇ ਵੀ ਕਦੇ ਦਵਾਈ ਦਾ ਮੁਲ ਨਹੀਂ ਦੇਂਦੇ ਸਨ। ਉਧਾਰ ਰਕਮ ਲਿਖਾ ਆਉਂਦੇ ਸਨ। ਉਧਾਰ ਭੀ ਕਦੇ ਕਿਸੇ ਨੇ ਨਹੀਂ ਦਿਤਾ। ਇਹਨਾਂ ਪਿੰਡਾਂ ਦੇ ਪਰਾਈਵੇਟ ਪਰੈਕਟਿਸ ਕਰਨ ਵਾਲੇ ਅਨੇਕਾਂ ਡਾਕਟਰਾਂ, ਵੈਦਾ ਦਾ ਕੁਛ ਨਹੀਂ ਵਟੀਂਦਾ ਸੀ। ਪਰ ਇਸ ਇਕੋ ਇਕ ਯਕਤਾ ਡਾਕਟਰ ਗੁਰਦੀਪ ਸਿੰਘ ਦੇ ਇਸ ਉਪਕਾਰ ਭਰੇ ਵਰਤਾਉ ਦਾ ਇਹ ਫਲ ਨਿਕਲਿਆ ਕਿ, ਕਿਸੇ ਨੇ ਕਦਰ ਨਾ ਪਾਈ। ਕੋਲ ਹੁੰਦੀ ਪੂੰਜੀ ਸਭ ਸਮੇਟੀ ਗਈ। ਫਰੀਦਣ ਜੋਗੀ ਨਕਦੀ ਵੀ ਪਾਸ ਨ ਰਹੀ। ਇਹ ਦੇਖ ਕੇ ਅਤੇ ਵਿਚਾਰ ਕੇ ਉਨ੍ਹਾਂ ਦੇ ਪਿਤਾ ਸਲੋਤਰੀ ਆਸਾ ਸਿੰਘ (ਚਰਨ ਸਿੰਘ) ਨੇ ਮੁੜ ਕੇ ਡਾ: ਗੁਰਦੀਪ ਸਿੰਘ ਨੂੰ ਬਰਮਾ ਵਿਚ

www.AKJ.Org

ਹੀ ਬੁਲਾ ਲਿਆ । ਇਨ੍ਹਾਂ ਦੇ ਪਿਤਾ ਦਾ ਬਰਮਾ ਗੌਰਮਿੰਟ ਦੇ ਆਫੀਸਰ ਨਾਲ ਬੜਾ ਜਾਣੀ ਰਸੂਖ ਸੀ । ਇਨ੍ਹਾਂ(ਗੁਰਦੀਪ ਸਿੰਘ)ਨੂੰ ਫੇਰ ਜੁਮੇਵਾਰੀ ਦੀ ਨੌਕਰੀ (ਡਾਕਟਰੀ ਦੀ) ਬਰਮਾ ਵਿਚ ਹੀ ਮਿਲ ਗਈ । ਡਾਕਟਰ ਗੁਰਦੀਪ ਸਿੰਘ ਦੇ ਨਾਲ ਇਨ੍ਹਾਂ ਦੇ ਪਿਤਾ ਸਲੋਤਰੀ ਡਾਕਟਰ ਸਾਹਿਬ ਦਾ ਸਲੂਕ ਬੜਾ ਕਸ਼ੀਦਾ ਸੀ ਅਤੇ ਸਾਰੀ ਉਮਰ ਕਸ਼ੀਦਾ ਹੀ ਰਿਹਾ । ਜਿਸ ਦੇ ਵਿਸਥਾਰ ਦੀ ਸਾਨੂੰ ਲੋੜ ਨਹੀਂ । ਮੁਖ ਕਾਰਨ ਕਸ਼ੀਦਗੀ ਦਾ ਇਹੀ ਸੀ ਕਿ ਡਾਕਟਰ ਗੁਰਦੀਪ ਸਿੰਘ ਨਿਰੋਲ ਇਕ ਪ੍ਰਮਾਰਥੀ ਜੀਵੜਾ ਸੀ ਅਤੇ ਇਨ੍ਹਾਂ ਦਾ ਪਿਤਾ ਨਿਰਾ ਸੰਸਾਰੀ ਬਿਉਹਾਰਕਾਰੀ ਇਕ ਟੇਢੇ ਵਿੰਗੇ ਢੰਗ ਦਾ ਦੁਨੀਆਂਦਾਰ ਸੀ । ਬਸ ਇਸ ਤੋਂ ਵਧ ਇਸ ਬਾਰੇ ਹੋਰ ਕੀ ਲਿਖਣਾ ਹੈ । ਸਾਨੂੰ ਤਾਂ ਡਾ: ਗੁਰਦੀਪ ਸਿੰਘ ਜੀ ਦੇ ਜੀਵਨ ਬਿਰਤਾਂਤ ਲਿਖਣ ਪ੍ਰਥਾਏ ਹੀ ਸਰੋਕਾਰ ਹੈ, ਇਨ੍ਹਾਂ ਦੇ ਪਰਸਪਰ ਘਰੋਗੀ ਤਅਲਕਾਤ ਦੇ ਨਾਲ ਸਾਡਾ ਕੋਈ ਵਾਸਤਾ ਨਹੀਂ ।

ਡਾ: ਗੁਰਦੀਪ ਜੀ ਜਿਥੇ ਵੀ ਰਹੇ, ਓਥੇ ਹੀ ਏਨਾਂ ਨੇ ਗੁਰਸਿਖੀ ਸ਼ਾਨ ਵਾਲੀ ਫੁਲਵਾੜੀ ਦੀਆਂ ਮਹਿਕਾਂ ਮਹਿਕਾਈਆਂ ਸਤਿਸੰਗ ਮੰਡਲ, ਕੀਰਤਨ ਮੰਡਲ ਕਾਇਮ ਕੀਤੇ । ਖੁਦ ਬੜੀ ਚੜ੍ਹਦੀ ਕਲਾ ਵਿਚ ਰਹੇ । ਆਪ ਬੜੀ ਦ੍ਰਿੜਤਾ ਸਹਿਤ ਗੁਰਮਤਿ ਮਾਰਗ ਪੁਰ ਚਲੇ ਤੇ ਅਨੇਕਾਂ ਜਗਿਆਸੂਆਂ ਪਾਂਧੂਆਂ ਨੂੰ ਇਸੇ ਸਚੇ ਮਾਰਗ ਪੁਰ ਚਲਾਇਆ । ਗ੍ਰਿਹ ਸਤ ਮਾਰਗ ਇਨ੍ਹਾਂ ਦਾ ਨਿਰਬਾਹ ਪੂਰਕ ਹੀ ਠਾਠਾ ਬਾਗਾ ਰਿਹਾ । ਪਿਤਾ ਪਿਤਾਮਾ ਸਾਰੇ ਖਾਨਦਾਨ ਦੇ ਪੂਜੇ ਆਗਿਆਕਾਰੀ ਬਣ ਕੇ ਲਾਸਾਨੀ ਗੁਰਮਤਿ ਜੀਵਨ ਬਤੀਤ ਕੀਤਾ, ਪਰ ਕਈਆਂ ਕਾਰਨਾਂ ਕਰਕੇ ਡਾਕਟਰ ਗੁਰਦੀਪ ਸਿੰਘ ਜੀ ਨੂੰ ਪ੍ਰਲੋਕ ਪਧਾਰਨ ਦੀ ਬੜੀ ਹੀ ਛੇਤੀ ਪੈ ਗਈ । ਖੁਦ ਅਰਦਾਸਾ ਸੋਧ ਕੇ ਗੁਰਪੁਰ ਪਿਆਨੇ ਦੇ ਗੁਪਤੀ ਕਮਰਕਸੇ ਹੀ ਕਰ ਲਏ । ਬੇਦਾਗ ਅਤੇ ਬੇਲਾਗ ਜਲ ਕਮਲ ਵਤ ਅਲਿਪਤ ਜੀਵਨ ਗੁਰ ਮਿਤ ਗ੍ਰਿਹਸਤ ਅੰਦਰ ਹੀ ਰਹਿ ਕੇ ਬਤੀਤ ਕਰਦੇ ਹੋਏ ਛੋਟੀ ਉਮਰ ਵਿਚ ਹੀ ਬਰਮਾ ਦੇ ਇਕਲਵੰਜੇ ਕੋਨੇ ਵਿਚ ਹੀ ਅਜ਼ਗੈਬੀ ਅਜਲ ਨੂੰ ਸੱਦਾ ਦੇ ਕੇ ਸਾਨੂੰ ਪਿਛੇ ਰਹਿ ਗਿਆਂ ਨੂੰ ਅਜ਼ਲੀ ਅਤੇ ਸਦੀਵੀ ਵਿਛੋੜਾ ਦੇ ਗਏ ।

www.AKJ.Org

ਨੋਟ :—ਡਾਕਟਰ ਗੁਰਦੀਪ ਸਿੰਘ ਜੀ. ਜਦੋਂ ਜਾਪਾਨ ਨੇ ੧੯੪੨ ਵਿਚ ਬਰਮਾ ਪਰ ਹਮਲਾ ਕੀਤਾ, ਉਸ ਹਮਲੇ ਵਿਚ ਬੰਬ ਲਗਣ ਨਾਲ ਚੜ੍ਹਾਈ ਕਰ ਗਏ। ਉਸ ਸਮੇਂ ਆਪ ਸਮਾਧੀ ਲਾਈ ਬੈਠੇ ਸਨ ਕਿ ਅਚਾਨਕ ਭਾਣਾ ਵਰਤ ਗਿਆ

(ਸੰਪਾਦਕ)

---

## ਸੂਚਨਾ

ਭਾਈ ਜੀਵਨ ਸਿੰਘ ਜੀ ਰਾਗੀ ਕੋਲੋਂ ਅਜਕਲ ਸਤਿਗੁਰੂ ਸਚੇ ਪਾਤਸ਼ਾਹ ਕੀਰਤਨ ਦੀ ਸੇਵਾ, ਸ੍ਰੀ ਤਖਤ ਸਾਹਿਬ, ਪਟਨੇ ਸਾਹਿਬ ਵਿਖੇ ਲੈ ਰਹੇ ਹਨ। ਆਪ ਜੀ ਬੇਨਤੀ ਕਰਦੇ ਹਨ ਕਿ ਜਿਥੇ ਕਿਥੇ ਵੀ ਹੁਕਮ ਹੋਵੇ, ਆਪ ਜੀ ਹਾਜ਼ਰ ਹੋ ਕੇ ਕੀਰਤਨ ਦੀ ਸੇਵਾ ਕਰਨ। ਬਿਹਾਰ, ਬੰਗਾਲ ਤੇ ਯੂ. ਪੀ. ਦੀਆਂ ਸੰਗਤਾਂ ਲੋੜ ਅਨੁਸਾਰ ਕੀਰਤਨ ਦੇ ਲਾਹੇ ਲੈਣ।

www.AKJ.Org

ਪਿਉ ਦਾਦੇ ਦਾ ਖ਼ਜ਼ਾਨਾ :–

# ਸ਼ੇਰੇ ਪੰਜਾਬ ਦੀ ਸ਼ਖਸੀਅਤ

## ਨੌਜਵਾਨ ਬੱਚਿਆਂ ਲਈ ਖਾਸ ਲੇਖ

## (ਇਕ ਇਤਿਹਾਸਕ ਖੋਜੀ ਵਲੋਂ)

ਨੌਜਵਾਨ ਵੀਰੋ ਅਤੇ ਭੈਣੋ, ਤੁਸਾਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਜੀ ਦਾ ਨਾਮ ਤਾਂ ਪੜ੍ਹਿਆ ਸੁਣਿਆ ਹੋਵੇਗਾ। ਜੂਨ ਨੂੰ ਆਪ ਜੀ ਦੀ ਇਕ ਸੌ ਬਤੀਵੀਂ ਬਰਸੀ ਸਮੂਹ ਪੰਜਾਬੀਆਂ ਵਲੋਂ ਮਨਾਈ ਜਾ ਰਹੀ ਹੈ। ਸਾਰੇ ਭਾਰਤੀ, ਖਾਸ ਕਰ ਪੰਜਾਬੀ, ਆਪ ਨੂੰ "ਸ਼ੇਰੇ ਪੰਜਾਬ" ਦੇ ਨਾਮ ਨਾਲ ਸਤਿਕਾਰਦੇ ਹਨ। ਸ਼ੇਰੇ ਪੰਜਾਬ ਇਸ ਲਈ ਕਿਹਾ ਜਾਂਦਾ ਹੈ ਕਿਉਂਕਿ ਸਦੀਆਂ ਦੇ ਮੁਗਲ ਰਾਜ ਪਿਛੋਂ ਆਪ ਨੇ ਪੰਜਾਬ ਵਿਚ ਪੰਜਾਬੀਆਂ ਦਾ ਸਰਬ-ਸਾਂਝਾ ਰਾਜ ਕਾਇਮ ਕੀਤਾ। ਆਪ ਜੀ ਦੇ ਰਾਜ ਕਾਇਮ ਕਰਨ ਤੋਂ ਪਹਿਲਾਂ ਪੱਛਮ ਵਲੋਂ ਸਦਾ ਹੀ ਬਦੇਸ਼ੀ ਲੋਕ ਭਾਰਤ ਉਤੇ ਹਮਲੇ ਕਰਦੇ ਰਹੇ ਸਨ। ਸਭ ਹਮਲਾਆਵਰਾਂ ਦਾ ਲਾਂਘਾ ਪੰਜਾਬ ਦੀ ਧਰਤੀ ਸੀ, ਜੋ ਇਸ ਨੂੰ ਪਾਰ ਕਰ ਜਾਂਦਾ, ਉਹ ਸਮੁਚੇ ਭਾਰਤ ਉਤੇ ਆਪਣ ਆਪ ਨੂੰ ਭਾਰੂ ਸਮਝਦਾ।

ਮਹਾਰਾਜਾ ਰਣਜੀਤ ਸਿੰਘ ਜੀ ਨੇ ਅਜਿਹਾ ਸ਼ਕਤੀਸ਼ਾਲੀ ਪੰਜਾਬੀਆਂ ਦਾ ਰਾਜ ਪੰਜਾਬ ਵਿਚ ਕਾਇਮ ਕੀਤਾ ਕਿ ਮਹਾਰਾਜੇ ਦੇ ਜੀਉਂਦੇ ਜੀਅ ਅਤੇ ਬਾਦ ਵਿਚ ਵੀ ਕਿਸੇ ਬਦੇਸ਼ੀ ਨੂੰ ਹਮਲਾ ਕਰਨ ਦੀ ਹਿਮਤ ਨਾ ਪਈ। ਏਸੇ ਸ਼ਖਸੀਅਤ ਦਾ ਸਦਕਾ ਆਪ ਜੀ ਨੂੰ ਸ਼ੇਰੇ ਪੰਜਾਬ ਦੇ ਨਾਮ ਨਾਲ ਯਾਦ ਕੀਤਾ ਜਾਂਦਾ ਹੈ।

ਹੁਣ ਤੁਹਾਨੂੰ ਸ਼ੇਰੇ ਪੰਜਾਬ ਦੀ ਸ਼ਖਸੀਅਤ ਅਤੇ ਸੁਭਾ ਸੰਬੰਧੀ ਕੁਝ ਗਿਆਨ ਦੇਵਾਂਗਾ, ਜਿਸ ਤੋਂ ਤੁਸੀਂ ਆਪਣੇ ਅਮਲੀ ਜੀਵਨ ਲਈ ਕੁਝ ਸੁਝਾ ਲੈ ਸਕੋ।



www.AKJ.Org

ਜਿਵੇਂ ਨਿੱਕੇ ਨਿੱਕੇ ਨਦੀਆਂ ਨਾਲੇ ਇਕੱਠੇ ਹੋ ਕੇ ਵੱਡਾ ਦਰਿਆ ਬਣ ਜਾਂਦੇ ਹਨ। ਇਕ ਮਾਲੀ ਨਿੱਕੇ ਨਿੱਕੇ ਫੁਲ ਇਕੱਠੇ ਕਰਕੇ ਇਕ ਸੁੰਦਰ ਗੁਲਦਸਤਾ ਬਣਾ ਦਿੰਦਾ ਹੈ। ਤਿਵੇਂ ਹੀ ਮਹਾਰਾਜੇ ਨੇ ਸਿੱਖ ਕੌਮ ਦੀਆਂ ਨਿੱਕੀਆਂ ਨਿੱਕੀਆਂ ਮਿਸਲਾਂ ਨੂੰ ਆਪਣੀ ਪ੍ਰਭਾਵਸ਼ਾਲੀ ਅਤੇ ਅਨੋਖੀ ਸ਼ਖਸੀਅਤ ਨਾਲ ਇਕ ਮੁੱਠ ਕਰਕੇ ਇਕ ਸੁੰਦਰ ਕੌਮ ਦੇ ਰੂਪ ਵਿਚ ਇਕ ਸੁੰਦਰ ਗੁਲਦਸਤਾ ਬਣਾ ਦਿਤਾ। ਤੁਸੀਂ ਵੀ ਸਾਰੇ ਨੌਜਵਾਨ ਇਕੱਠੇ ਹੋ ਕੇ ਸਮੁੱਚੇ ਭਾਰਤ ਲਈ ਇਕ ਸੁੰਦਰ ਗੁਲਦਸਤਾ ਬਣ ਜਾਉ। ਗੁਰੂ ਪ੍ਰੇਮ, ਦੇਸ਼ ਪ੍ਰੇਮ ਤੁਹਾਨੂੰ ਸਾਰਿਆਂ ਨੂੰ ਇਕ ਸ਼ਕਤੀਸ਼ਾਲੀ ਕੌਮ ਬਣਾ ਦੇਵ। ਤੁਸੀਂ ਦੇਸ਼ ਲਈ ਜੀਵੋ ਅਤੇ ਦੇਸ਼ ਲਈ ਮਰੋ।

ਲੋਕ ਪ੍ਰੇਮ ਮਹਾਰਾਜੇ ਦਾ ਖਾਸਾ ਸੀ। ਜਿਥੇ ਬਹਾਦਰ ਜਰਨੈਲ, ਦੂਰ-ਅੰਦੇਸ਼ ਨੇਤਾ ਅਤੇ ਦ੍ਰਿੜ ਇਰਾਦੇ ਵਾਲੇ ਪ੍ਰਬੰਧਕ ਹੋਣ ਕਰਕੇ ਮਹਾਰਾਜੇ ਨੇ ਇਕ ਲੱਖ ਚਾਲੀ ਹਜ਼ਾਰ ਮੀਲ ਵਿਚ ਪੰਜਾਬੀਆਂ ਦਾ ਸਾਂਝਾ ਰਾਜ ਕਾਇਮ ਕੀਤਾ, ਉਥੇ ਨਾਲ ਹੀ ਯੋਗ ਜਰਨੈਲ ਅਤੇ ਯੋਗ ਵਜ਼ੀਰ ਚੁਣਕੇ ਜੰਤਾ ਦੀ ਭਲਾਈ ਲਈ ਚੰਗਾ ਰਾਜ ਪ੍ਰਬੰਧ ਕਾਇਮ ਕੀਤਾ। ਮਹਾਰਾਜਾ ਆਪਣੇ ਜਰਨੈਲਾਂ ਅਤੇ ਵਜ਼ੀਰਾਂ ਨੂੰ ਕਿਹਾ ਕਰਦਾ ਸੀ; "ਜ਼ਾਲਮ ਹੁਕਮਰਾਨਾਂ" ਨੂੰ ਕਾਬੂ ਕਰੋ। ਸੁੱਖ ਦੇਣ ਲਈ ਰਾਜ ਕਰਨਾ ਹੈ। ਜਿਹੜਾ ਵੀ ਪਰਜਾ ਨੂੰ ਤੰਗ ਕਰਦਾ ਹੈ, ਰਾਜ ਵਧਾਉਣ ਖਾਤਰ ਲਹੂ ਦੀਆਂ ਨਦੀਆਂ ਵਗਾਉਂਦਾ ਹੈ, ਉਸ ਨੂੰ ਪਰਜਾ ਪ੍ਰੇਮ ਨਹੀਂ ਕਰੇਗੀ।" ਲੋਕਾਂ ਦੇ ਸੁਖ ਦਾ ਖਿਆਲ ਰਖਣ ਲਈ ਅਤੇ ਜਨਤਾ ਦੀ ਠੀਕ ਹਾਲਤ ਜਾਨਣ ਲਈ ਉਹ ਭੇਸ ਬਦਲ ਕੇ ਆਮ ਜਨਤਾ ਵਿਚ ਵਿਚਰਦਾ ਸੀ। ਇਹ ਤਾਂ ਤੁਸੀਂ ਪੜ੍ਹਿਆ ਸੁਣਿਆ ਹੀ ਹੋਵੇਗਾ ਕਿ ਕਿਵੇਂ ਕਾਲ ਦੇ ਸਮੇਂ ਇਕ ਬੁੱਢੇ ਮਨੁੱਖ ਦੀ ਕਣਕ ਦੀ ਪੰਡ ਚੁਕ ਕੇ ਉਸ ਦੇ ਘਰ ਛੱਡ ਆਇਆ ਸੀ ਅਤੇ ਆਪਣ ਆਪ ਨੂੰ ਪਰਜਾ ਦਾ ਸੇਵਾਦਾਰ ਦਸਦਾ ਸੀ।

ਤੁਸੀਂ ਨੌਜਵਾਨ ਵਿਦਿਆਰਥੀ ਦੇਸ਼ ਕੌਮ ਦੇ ਸੇਵਾਦਾਰ ਹੋ। ਬੁੱਢਿਆਂ ਨਿਤਾਣਿਆਂ, ਯਤੀਮਾਂ ਦੀ ਸਹਾਇਤਾ ਕਰ ਸਕਦਾ, ਸਰੀਰਕ ਦਿਮਾਗੀ ਅਤੇ ਮਾਇਕ ਤੌਰ ਤੇ ਕਿਸੇ ਦੇ ਕੰਮ ਆ ਸਕਣਾ, ਮਹਾਰਾਜੇ ਦੇ ਪੈਰ ਚਿਤਰਾਂ ਤੇ

www.AKJ.Org

ਤੁਰਨਾ ਹੈ । ਗੁਰੂ ਭਰੋਸਾ ਅਤੇ ਰਬੀ ਵਿਸ਼ਵਾਸ ਉਸ ਦੀ ਸ਼ਖਸ਼ੀਅਤ ਦਾ ਇਕ ਹੋਰ ਗੁਣ ਸੀ । ਹਰ ਕੰਮ ਦੇ ਆਰੰਭ ਵਿਚ ਉਹ ਅਰਦਾਸ ਕਰਦਾ ਸੀ । ਉਸ ਦਾ ਵਿਸ਼ਵਾਸ ਸੀ ਕਿ ਹਰ ਕੰਮ ਵਿਚ ਸਫਲਤਾ ਗੁਰੂ ਹੀ ਦਿੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਸੁਣਨ ਜਾਂ ਕਰਨ ਪਿਛੋਂ ਉਹ ਰੋਜ਼ਾਨਾ ਕਾਰ ਸ਼ੁਰੂ ਕਰਦਾ ਸੀ ਕਿਉਂਕਿ ਅਕਾਲ ਪੁਰਖ ਅਤੇ ਗੁਰੂ ਹੀ ਅਭੁੱਲ ਅਤੇ ਸਮਰਥ ਹੈ । ਸਭ ਸ਼ਕਤੀਆਂ ਦਾ ਸੋਮਾ ਉਹ ਆਪ ਹੈ। ਵਾਹਿਗੁਰੂ ਵਿਚ ਅਭੇਦ ਗੁਰੂ ਅਗੇ ਅਰਦਾਸ ਕਰਨ ਨਾਲ ਸ੍ਵੈ ਵਿਸ਼ਵਾਸ ਵਧਦਾ ਹੈ । ਜੀਵਨ ਵਿਚ ਉਤਸ਼ਾਹ ਅਤੇ ਨਿਮਰਤਾ ਆਉਂਦੀ ਹੈ। ਜਦੋਂ ਨਜ਼ਾਮ ਹੈਦਰਾਬਾਦ ਨੇ ਇਕ ਕੀਮਤੀ ਚਾਂਦਨੀ ਆਪ ਜੀ ਦੇ ਦਰਬਾਰ ਵਿਚ ਭਜੀ ਤਾਂ ਆਪ ਜੀ ਨੇ ਚਾਂਦਨੀ ਦੀ ਸੁੰਦਰਤਾ ਵਖ ਕੇ ਕਿਹਾ—''ਇਡੀ ਸੋਹਣੀ ਚਾਂਦਨੀ ਸ੍ਰੀ ਹਰਿਮੰਦਰ ਸਾਹਿਬ ਵਿਚ ਹੀ ਸੋਭਦੀ ਹੈ । ਮੈਂ ਨਿਮਾਣਾ ਤੇ ਨਿਕਾਰਾ ਮਨੁੱਖ ਇਸ ਦੇ ਹੇਠਾਂ ਬੈਠਾ ਨਹੀਂ ਚੰਗਾ ਲਗਦਾ ।''

ਏਨੀ ਨਿੰਮਰਤਾ ਮਹਾਰਾਜੇ ਵਿਚ ਕਿਉਂ ਸੀ ? ਕਿਉਂਕਿ ਉਹ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਪੜ੍ਹਨ ਵਾਲਾ ਮਨੁੱਖ ਸੀ । ਬਾਣੀ ਦਾ, ਗੁਰੂਆਂ ਦਾ, ਵੱਡਿਆਂ ਦਾ, ਸਤਿਕਾਰ ਕਰਦਾ ਸੀ । ਛੋਟੀਆਂ ਛੋਟੀਆਂ ਪ੍ਰਾਪਤੀਆਂ ਉਤੇ ਉਹ ਹੰਕਾਰ ਨਹੀਂ ਕਰਦਾ ਸੀ ।

ਸਿੱਖੀ ਜੀਵਨ ਵਿਚ ਪਿਆਰ ਹੁੰਦਿਆਂ ਹੋਇਆਂ ਭੀ ਉਹ ਦੂਸਰੇ ਧਰਮ ਅਸਥਾਨਾਂ, ਧਰਮ ਪੁਸਤਕਾਂ ਦਾ ਸਤਿਕਾਰ ਕਰਦ ਸਨ। ਉਹ ਕਿਹਾ ਕਰਦੇ ਸਨ—''ਗੁਰਦੁਆਰੇ, ਮੰਦਰ ਅਤੇ ਮਸਜਦਾਂ ਸਾਰੇ ਹੀ ਸਤਿਕਾਰ ਯੋਗ ਹਨ ਜਿਥੇ ਰਬ ਦੀ ਉਸਤੱਤ ਹੁੰਦੀ ਹੈ । ਇਨ੍ਹਾਂ ਦੀ ਸੇਵਾ ਕਰਨੀ, ਇਨ੍ਹਾਂ ਦਾ ਸਤਿਕਾਰ ਕਰਨਾ ਸਭ ਦਾ ਫਰਜ਼ ਹੈ ।''

ਮਹਾਰਾਜਾ ਜਿਥੇ ਧਰਮ ਪੁਸਤਕਾਂ ਨੂੰ ਪੂਜਯ ਸਮਝਦੇ ਸਨ, ਉਥੇ ਹੋਰ ਚਗੀਆਂ ਪੁਸਤਕਾਂ ਦਾ ਵੀ ਸਤਿਕਾਰ ਕਰਦੇ ਸਨ । ਲੜਾਈ ਦੇ ਸਮੇਂ ਆਪ ਜੀ ਨੇ ਆਪਣੀ ਫ਼ੌਜ ਨੂੰ ਖਾਸ ਹੁਕਮ ਦਿੱਤਾ ਹੋਇਆ ਸੀ ਕਿ ਹਰ ਤਰ੍ਹਾਂ ਦੀਆਂ ਪੁਸਤਕਾਂ ਦੀ ਸੰਭਾਲ ਕਰਨੀ ਹੈ ਕਿਉਂਕਿ ਇਹ ਪੁਸਤਕਾਂ ਗਿਆਨ ਦਾਤੀਆਂ ਹਨ ਅਤੇ ਮਨੁਖੀ ਜੀਵਨ ਵਿਚ ਚੰਗਾ ਬਣਾਉਣ ਵਿਚ ਅਗਵਾਈ ਕਰਦੀਆਂ ਹਨ ।

www.AKJ.Org

ਤੁਸੀਂ ਨੌਜਵਾਨ ਵਿਦਿਆਰਥੀ ਇਮਤਿਹਾਨ ਪਾਸ ਕਰਨ ਲਈ ਤਾਂ ਭਾਵੇਂ ਕਿਤਾਬਾਂ ਪੜ੍ਹਦੇ ਹੀ ਹੋ—ਪਰ ਤੁਸਾਂ ਸਾਰਿਆਂ ਨੂੰ ਲਾਇਬ੍ਰੇਰੀਆਂ ਵਿਚੋਂ ਅਧਿਆਪਕਾ ਦੀ ਸਹਾਇਤਾ ਨਾਲ ਚੰਗੀਆਂ ਕਿਤਾਬਾਂ ਪੜ੍ਹਦੇ ਰਹਿਣਾ ਚਾਹੀਦਾ ਹੈ। ਇਕ ਚੰਗੀ ਕਿਤਾਬ ਇਕ ਚੰਗਾ ਮਿਤਰ ਹੈ, ਜੋ ਸਦਾ ਹੀ ਚੰਗੀ ਸਿਖਿਆ ਦ ਸਕਦੀ ਹੈ। ਚੰਗੀਆਂ ਕਿਤਾਬਾਂ ਵਿਚੋਂ ਚੰਗੀਆਂ ਗਲਾਂ ਨੋਟ ਕਰਦੇ ਰਹਿਣਾ ਅਤੇ ਅਮਲੀ ਜੀਵਨ ਵਿਚ ਲਿਆਉਣ ਦਾ ਯਤਨ ਕਰਦੇ ਰਹਿਣਾ ਹੀ ਚੰਗੇ ਮਨੁੱਖ ਬਣਨਾ ਹੈ।

ਮਹਾਰਜੇ ਦੀ ਦ੍ਰਿਸ਼ਟੀ ਬੜੀ ਪਾਰਖੂ ਸੀ। ਬੰਦੇ ਨੂੰ ਵੇਖਦੇ ਸਾਰ ਉਹ ਸਭ ਜਾਣ ਲੈਂਦਾ ਸੀ ਕਿ ਇਹ ਕਿਸ ਕੰਮ ਦੇ ਯੋਗ ਹੈ। ਕਿਸੇ ਮਨੁੱਖ ਦੇ ਲੁਕਵੇਂ ਗੁਣ ਵੇਖ ਕੇ ਉਜਾਗਰ ਕਰ ਸਕਣਾ ਉਸਦੀ ਖਾਸ ਸਿਫਤ ਸੀ। ਇਕ ਵਾਰ ਘੋੜੇ ਉਤੇ ਚੜ੍ਹੇ ਹੋਏ ਇਕ ਪਿੰਡ ਦੀ ਗਲੀ ਵਿਚੋਂ ਲੰਘ ਰਹੇ ਸਨ ਕਿ ਮੋਹਕਮ ਚੰਦ ਨਾਮ ਦਾ ਮਨੁੱਖ ਇਕ ਹੱਟੀ ਉਤੇ ਬੈਠਾ ਸੌਦਾ ਤੋਲ ਰਿਹਾ ਸੀ। ਸ਼ੇਰੇ ਪੰਜਾਬ ਨੇ ਘੋੜਾ ਰੋਕ ਲਿਆ ਅਤੇ ਉਸਨੂੰ ਬਾਹੋਂ ਫੜ ਕੇ ਉਠਾਂਉਂਦਿਆਂ ਕਿਹਾ : "ਏਡੇ ਵਡੇ ਮਜ਼ਬੂਤ ਅਤੇ ਸੋਹਣੇ ਸਰੀਰ ਨੂੰ ਕਿਸੇ ਵਡੇ ਕੰਮ ਲਈ ਵਰਤੋ। ਦੁਕਾਨ ਤੇ ਹੀ ਬੈਠ ਕੇ ਇਸ ਨੂੰ ਖਤਮ ਨਾ ਕਰੋ। ਤੁਸੀਂ ਬਹੁਤ ਕੰਮ ਕਰਨੇ ਹਨ।"

ਮਹਾਰਾਜੇ ਦੀਆਂ ਇਹ ਗਲਾਂ ਸਚ ਨਿਕਲੀਆਂ। ਮੋਹਕਮ ਚੰਦ ਦੀ ਕਮਾਨ ਹੇਠ ਕਈ ਲੜਾਈਆਂ ਜਿਤੀਆਂ ਗਈਆਂ। ਫਲੌਰ ਦਾ ਕਿਲਾ ਦੀਵਾਨ ਮੋਹਕਮ ਚੰਦ ਨੇ ਬਣਵਾਇਆ। ਕੋਹੇ-ਨੂਰ ਹੀਰਾ ਦੀਵਾਨ ਮੋਹਕਮ ਚੰਦ ਦੀ ਸਹਾਇਤਾ ਨਾਲ ਮਹਾਰਾਜੇ ਨੂੰ ਮਿਲਿਆ।

ਤੁਹਾਨੂੰ ਨੌਜਵਾਨਾਂ ਨੂੰ ਵੀ ਪਾਰਖੂ ਦ੍ਰਿਸ਼ਟੀ ਦੇ ਮਾਲਕ ਬਣਨਾਂ ਚਾਹੀਦਾ ਹੈ। ਗੰਦੀਆਂ ਪਿਕਚਰਾਂ, ਘਟੀਆ ਮਨੁੱਖਾਂ ਦੀ ਸੰਗਤ ਤੋਂ ਬਚਣਾ ਚਾਹੀਦਾ ਹੈ। ਚੰਗੀ ਸੰਗਤ, ਚਗੀਆ ਕਿਤਾਬਾਂ ਰਾਹੀਂ ਚੰਗੀ ਦ੍ਰਿਸ਼ਟੀ ਬਣਾ ਕੇ ਸਰੀਰਕ, ਮਾਨਸਕ ਅਤੇ ਆਤਮਕ ਤੌਰ ਤੇ ਉਨਤੀ ਕਰਨੀ ਚਾਹੀਦੀ ਹੈ। ਚੰਗੀ ਪਾਰਖੂ ਦ੍ਰਿਸ਼ਟੀ ਨਾਲ ਹੀ ਤੁਸੀਂ ਸ਼ੇਰੇ ਪੰਜਾਬ ਮਹਾਰਾਜਾ ਰਣਜੀਤ ਸਿੰਘ ਤਰ੍ਹਾਂ ਜੀਵਨ ਵਿਚ ਹਰ ਪੱਖ ਤੋਂ ਉਨਤੀ ਕਰ ਸਕਦੇ ਹੋ।

...............

www.AKJ.Org

# ਅੰਮ੍ਰਿਤ ਛਕਣ ਦਾ ਕੀ ਲਾਭ ਹੈ ?

ਵਲੋਂ ਪ੍ਰੋ : *ਗੁਰਮੁਖ ਸਿੰਘ ਜੀ*, **M. A.**

ਮੇਰੇ ਨਾਲ ਬਹੁਤ ਵਾਰੀ ਪੜ੍ਹੇ ਲਿਖੇ ਸਿਖ ਨੌਜਵਾਨ ਵੀਰ ਬੜੀ ਸਵਾਦਲੀ ਵਿਚਾਰ ਕਰਦੇ ਹਨ। ਉਹ ਭਾਵੇਂ ਸਿਖਾਂ ਦੇ ਬੱਚੇ ਹਨ, ਸਿਖਾਂ ਦੇ ਘਰ ਵਿਚ ਪਰਵਰਿਸ਼ ਪਾਈ ਹੈ ਪਰ ਮਨ ਵਿਚ ਸ਼ੰਕਾ ਰਹਿ ਗਿਆ ਹੈ ਕਿ ਕੀ ਸਾਡੇ ਲਈ ਅੰਮ੍ਰਿਤ ਧਾਰੀ ਸਿਖੀ ਜੀਵਨ ਧਾਰਨ ਕਰਨਾ ਜ਼ਰੂਰੀ ਹੈ ? ਉਹਨਾਂ ਦੀਆਂ ਦਲੀਲਾਂ ਅਕਸਰ ਇਹ ਹੁੰਦੀਆਂ ਨੇ।

1. ਅੰਮ੍ਰਿਤ ਛਕਣ ਦਾ ਕੀ ਲਾਭ ਹੈ ? ਜੇ ਅੰਮ੍ਰਿਤ ਛਕ ਕੇ ਭੀ ਬਹੁਤ ਸਾਰੇ ਪਰਚਾਰਕ ਅਤੇ ਸਿਖ ਆਪਣੇ ਕਾਰ-ਵਿਹਾਰ ਵਿੱਚ ਠੀਕ ਨਹੀਂ ?

2. ਅੰਮ੍ਰਿਤ ਛਕਣਾ ਤੇ ਸਿਖੀ ਧਾਰਨ ਕਰਨਾ ਇਕ 18ਵੀਂ ਸਦੀ ਦਾ ਕਰਮ ਸੀ ਮਾਡਰਨ-ਯੁਗ ਦਾ ਨਹੀਂ।

3. ਕੀ ਸਿਖੀ ਕਛ-ਕਛਹਿਰੇ ਆਦਿ ਦੇ ਬੰਧਨਾਂ ਵਿਚ ਹੈ ? ਸਿਖੀ ਤਾਂ ਸਗੋਂ ਮਨ ਦੀ ਸਫਾਈ ਵਿੱਚ ਹੈ। ਮਨ ਸਾਫ ਰਖੋ ਤੁਸੀਂ ਪੱਕੇ ਸਿਖ ਹੋ। ਕੇਸਾਂ ਦਾ ਸ਼ਿੰਗਾਰ ਤੇ ਦਾੜੀ ਦੀ ਸਜਾਵਟ ਆਪਣੇ ਟੇਸਟ (Taste) ਅਨੁਸਾਰ ਹੋਣੀ ਚਾਹੀਦੀ ਹੈ।

4. ਅਜ ਦਾ ਯੁਗ ਮਾਨਵ-ਧਰਮ ਯੁਗ ਹੈ, ਸਿਖ ਬਣਕੇ ਐਵੇਂ ਸੰਪਰਦਾਈ ਬਣਨਾ ਇਕ ਤੰਗ ਦਿਲੀ ਹੈ।

ਉਪਰੋਕਤ ਦਲੀਲਾਂ ਪੜ੍ਹੀ ਲਿਖੀ ਨਵੀਨ ਸਿਖ ਪਨੀਰੀ ਦੀ ਘੁਟਵੀਂ ਆਵਾਜ਼ ਹੈ ਜਿਸ ਦਾ ਬਾਹਰ ਮੁਖੀ ਸਰੂਪ ਤੁਸਾਂ ਉਹਨਾਂ ਦੇ ਨਿਤ ਦੇ ਜੀਵਨ ਤੋਂ ਦੇਖ ਸਕਦੇ ਹੋ। ਪਾਠ ਨਿਤਨੇਮ ਨਾ ਕਰਨਾ, ਗੁਰਦੁਆਰੇ ਜਾ ਕੇ ਗੁਰੂ ਮਹਾਰਾਜ ਦੇ ਨਿਤ ਦਰਸ਼ਨ ਨਾ ਕਰਨੇ, ਆਪਣੇ ਘਰ ਵਿਚ ਹੀ ਆਪਣੇ ਮਾਪਿਆਂ ਨਾਲ ਸਿਖ-ਜੀਵਨੀ ਦੇ ਹਰ ਨਿਕੇ ਨਿਕੇ ਕਰਮ ਲਈ ਬਹਿਸੀ ਜਾਣਾ ਤੇ ਬਹੁਤ



www.AKJ.Org

ਵਾਰੀ ਇਹ ਦੇਖਿਆ ਗਿਆ ਹੈ ਕਿ ਮਾਪੇ ਹਾਰ ਜਾਂਦੇ ਹਨ ਤੇ ਸੰਤੁਸ਼ਟ ਉਤਰ ਨਹੀਂ ਦੇ ਸਕਦੇ । ਹੇਠਾਂ ਅਸੀਂ ਦੋਹਾਂ ਧਿਰਾਂ ਲਈ, ਸਿਖ ਮਾਪੇ ਅਤੇ ਸਿਖ ਨੌਜਵਾਨ ਲਈ ਕੁਝ ਸਾਂਝੀਆਂ ਗਲਾਂ ਪੇਸ਼ ਕਰਨ ਦਾ ਜਤਨ ਕਰਦੇ ਹਾਂ ਤੇ ਜਤਨ ਕਰਾਂਗੇ ਕਿ ਉਹਨਾਂ ਦੀਆਂ ਉਪਰ ਦਿਤੀਆਂ ਦਲੀਲਾਂ ਦਾ ਜਵਾਬ ਦਿਤਾ ਜਾਏ ।

1. (i) ਅੰਮ੍ਰਿਤ ਛਕਣ ਦਾ ਕੀ ਲਾਭ ?
   (ii) ਜੇ ਅੰਮ੍ਰਿਤ ਛਕਕੇ ਬਹੁਤ ਸਾਰੇ ਿ.ਖਾਂ ਦਾ ਕਾਰ ਵਿਹਾਰ ਠ ਕ ਨਹੀਂ ਰਹਿੰਦਾ ?

ਜਿਥੋਂ ਤਕ ਇਸ ਦਲੀਲ ਦਾ ਸਬੰਧ ਹੈ ਕਿ ਜੀ ਬਹੁਤ ਸਾਰੇ ਅੰਮ੍ਰਿਤਧਾਰੀ ਸਿਖਾਂ ਦਾ ਕਾਰ-ਵਿਹਾਰ ਅੰਮ੍ਰਿਤ ਛਕ ਕੇ ਭੀ ਨਹੀਂ ਸੁਧਰਦਾ ਸਾਡੇ ਯੁਵਕ ਕਿਸੇ ਹਦ ਤਕ ਠੀਕ ਹਨ । ਆਲੇ ਦੁਆਲੇ ਦਾ ਪਰਭਾਵ ਬੜਾ ਪੈਂਦਾ ਹੈ । ਅਤੇ ਇਹ ਮਨੁਖੀ ਸੁਭਾ ਹੈ ਕਿ ਉਹ ਮਾੜੀਆਂ ਆਦਤਾਂ, ਮਾੜੇ ਪਰਭਾਵ ਬਹੁਤ ਛੇਤੀ ਕਬੂਲਦਾ ਹੈ । ਪਰ ਮਨੋਵਿਗਿਆਨ ਇਹ ਭੀ ਦਸਦਾ ਹੈ ਕਿ ਜੇ ਮਾੜਾ ਜਿਹਾ ਜਤਨ ਹੋਰ ਕੀਤਾ ਜਏ ਤਾਂ ਮਾੜੇ ਪਰਭਾਵ ਤਿਆਗ ਕੇ ਹਰ ਮਨੁਖ ਚੰਗੇ ਗੁਣ ਭੀ ਗ੍ਰਹਿਣ ਕਰ ਸਕਦਾ ਹੈ । ਦੂਜੇ ਪਾਸੇ ਮਾੜੇ ਪਰਭਾਵਾਂ ਦੇ ਅਸਰ ਹੇਠ ਮਾੜਾ ਬਣਨਾ ਕੋਈ ਮੁਸ਼ਕਲ ਗਲ ਨਹੀਂ । ਇਹ ਤਾਂ ਇਉਂ ਹੈ ਜਿਵੇਂ ਦਰਿਆ ਦੇ ਬਹਾ ਦੇ ਨਾਲ ਨਾਲ ਰੁੜੀ ਜਾਣਾ ਪਰ ਅਸਲ ਆਚਰਨ ਉਸੇ ਦਾ ਹੀ ਨਿਖਰਦਾ ਹੈ ਜੋ ਬੁਰੇ ਅਸਰ ਪਰਭਾਵਾਂ ਦੇ ਵਿਰੁਧ ਚੰਗੇ ਗੁਣ ੈਦਾ ਕਰੇ, ਤੇ ਬਹਾ ਦੇ ਉਲਟ ਤੈਰੇ । ਇਹ ਠੀਕ ਹੈ ਕਿ ਇਉਂ ਕਰਨ ਵਿੱਚ ਕਾਫੀ ਮਿਹਨਤ ਦੀ ਲੋੜ ਪੈਂਦੀ ਹੈ ।

ਮੈਂ ਇਕ ਗਲ ਇਥੇ ਸਪਸ਼ਟ ਕਰ ਦਿਆਂ ਕਿ ਸਿਖ-ਜੀਵਨ ਸਤਿਗੁਰਾਂ ਦੇ ਆਪਣੇ ਸ਼ਬਦਾਂ ਅਨੁਸਾਰ ਸੁਖ-ਰਹਿਣੀਆਂ ਜੀਵਨ ਨਹੀਂ । ਸਿਖ ਦਾ ਜੀਵਨ ਮਿਹਨਤੀ ਹੈ, ਇਸ ਵਿੱਚ ਸੰਘਰਸ਼ (Struggles) ਹਨ ।

ਪਹਿਲਾਂ ਮਰਣ ਕਬੂਲਿ ਜੀਵਣ ਕੀ ਛਡਿ ਆਸ ।
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੇ ਪਾਸ ॥

www.AKJ.Org

ਇਸ ਲਈ ਜਿਨ੍ਹਾਂ ਗੁਰ ਸਿਖਾਂ ਦੇ ਜੀਵਨ ਵਿਚ ਅੰਮ੍ਰਿਤ ਛਕ ਕੇ ਭੀ ਕੋਈ ਸੁਧਾਰ ਨਹੀਂ ਹੁੰਦਾ ਇਉਂ ਸਮਝਣਾ ਚਾਹੀਦਾ ਹੈ ਕਿ ਅਜੇ ਉਹ ਮੰਦੇ ਪਰਭਾਵਾਂ ਨਾਲ ਘੋਲ ਨਹੀਂ ਕਰ ਰਹੇ ਸਗੋਂ ਉਹਨਾਂ ਦਾ ਸ਼ਿਕਾਰ ਬਣ ਰਹੇ ਹਨ ਉਹਨਾਂ ਨੂੰ ਹਰ ਵਕਤ ਖ਼ਤਰਾ ਹੀ ਖ਼ਤਰਾ ਹੈ। ਅੰਮ੍ਰਿਤ ਛਕ ਕੇ ਨਾਮ ਕਮਾਈ ਦੀ, ਅਤੇ ਸਤਿਗੁਰ ਸਚ ਪਾਤਸ਼ਾਹ ਦੇ ਹੁਕਮਾਂ ਤੇ ਅਮਲ ਕਰਨ ਦੀ ਅਤਿ ਲੋੜ ਹੈ। ਜੋ ਸਿਖ ਅੰਮ੍ਰਿਤ ਛਕ ਕੇ ਗੁਰੂ ਦੇ ਹੁਕਮਾਂ ਤੇ ਪਹਿਰਾ ਨਹੀਂ ਦਿੰਦਾ ਉਸ ਦੇ ਅੰਮ੍ਰਿਤ ਛਕਣ ਦਾ ਕੋਈ ਬਹੁਤਾ ਲਾਭ ਨਹੀਂ। ਐਵੇਂ ਰਸਮੋ ਰਸਮੀ ਹੀ ਉਹ ਸਿਖ ਬਣਿਆ ਹੈ।

ਜਿਵੇਂ ਭਾਈ ਗੁਰਦਾਸ ਨੇ ਜੀ ਨੇ ਇਕ ਥਾਂ ਲਿਖਿਆ ਹੈ।

ਪੂਛਤ ਪਥਿਕ ਤਿਹ ਮਾਰਗਿ ਨ ਧਾਰੈ ਪਗਿ
ਪ੍ਰੀਤਮ ਕੇ ਦੇਸ ਕੈਸੇ ਬਾਤਨ ਸੇ ਜਾਈਏ।
ਪੂਛਤ ਹੈ ਬੈਦ ਖਾਤ ਔਖਧਿ ਨ ਸੰਜਮ ਸੇ
ਕੈਸੇ ਮਿਟੈ ਰੋਗ ਸੁਖ ਸਹਿਜ ਸਮਾਈਐ।
ਪੂਛਤ ਸੁਹਾਗਨਿ ਹੈ, ਕਰਮ ਦੁਹਾਗਨਿ ਕੈ
ਰਦੈ ਬਿਭਚਾਰ ਕਤ ਸਿਹਜਾ ਬੁਲਾਈਐ।
ਗਾਏ ਸੁਨੇ ਆਂਖੈ ਮੀਚੈ, ਪਾਈਐ ਨ ਪਰਮ ਪਦੁ
ਗੁਰੁ ਉਪਦੇਸ਼ ਗਹਿ, ਜੌ ਲੋ ਨ ਕਮਾਈਐ
(ਕਬਿਤ ਭਾਈ ਗੁਰਦਾਸ)

2. ਦੂਜਾ ਪ੍ਰਸ਼ਨ ਹੈ ਕਿ ਅੰਮ੍ਰਿਤ ਛਕਣ ਦਾ ਕੀ ਲਾਭ ਹੈ?

ਮਾਫ ਕਰਨਾ ਸਾਡੇ ਅਜ ਦੇ ਮਾਦਾ ਪ੍ਰਸਤ (ਮਾਇਆਧਾਰੀ) (Materialistic age) ਯੁਗ ਵਿੱਚ ਹਰ ਚੀਜ਼ ਦਾ ਮੁੱਲ ਨਿਸਚਿਤ ਕਰਨ ਦਾ ਰਿਵਾਜ ਜਿਹਾ ਪੈ ਗਿਆ ਹੈ। ਆਮ ਸਾਧਾਰਨ ਵਰਤੋਂ ਵਾਲੀਆਂ ਵਸਤੂਆਂ ਦੇ ਮੁੱਲ ਤਾਂ ਚੜ੍ਹਦੇ ਉਤਰਦੇ ਦੇਖੀਦੇ ਹਨ ਅਤੇ ਅਸੀਂ ਸਦਾ ਲਾਭ ਜਾਂ ਹਾਨੀ ਦੇ ਵਿਚਾਰ (Terms) ਨਾਲ ਆਪਣੇ ਜੀਵਨ ਤੇ ਝਾਤ ਮਾਰਦੇ ਹਾਂ। (Life is Viewed in terms of profit and loss)

www.AKJ.Org

ਇਸੇ ਤਰ੍ਹਾਂ ਇਹੋ ਲਾਭ-ਹਾਨੀ ਬਿਰਤੀ ਸਾਡੇ ਸਮਾਜਕ ਖੇਤਰ ਵਿਚ ਭੀ ਸੂਖਮ ਰੂਪ ਵਿਚ ਪਰਵੇਸ਼ ਕਰ ਗਈ ਹੈ। ਇਸੇ ਨਾਲ ਸਾਡੀਆਂ ਸਮਾਜਿਕ ਕੀਮਤਾਂ ਮਿਥੀਆਂ ਜਾਂਦੀਆ ਹਨ। ਅਤੇ ਸਾਡੇ ਪੜ੍ਹੇ ਲਿਖੇ ਨੌਜਵਾਨ ਨੂੰ ਇਹ ਆਦਤ ਪੈ ਗਈ ਹੈ ਜਾਂ ਇਉਂ ਕਹਿ ਲਉ ਉਸ ਦੀ ਸਿਖਿਆ ਇਸ ਪ੍ਰਕਾਰ ਦੀ ਹੈ ਕਿ ਹਰ ਚੀਜ਼ ਨੂੰ ਵਿਧ ਕਰਨ ਦੀ ਕੋਸ਼ਿਸ਼ ਕਰਨੀ। ਅਤੇ ਹਰ ਸਮਾਜਿਕ ਕੀਮ ਦਾ ਕਿੰਤੂ ਕਰਨਾ। ਇਥੋਂ ਤਕ ਕਿ ਇਹ ਭੀ ਆਖੀਦੇ ਸੁਣੇ ਜਾਂਦੇ ਹਨ, ਮਾਤਾ-ਪਿਤਾ ਦੀ ਆਗਿਆ ਦਾ ਪਾਲਨ ਕਿਉਂ ਕੀਤਾ ਜਾਏ? ਉਹਨਾਂ ਦੀ ਸੇਵਾ ਕਰਨ ਦਾ ਕੀ ਲਾਭ? ਸ਼ਾਦੀ ਕਰਾਨ ਦਾ ਕੀ ਲਾਭ? ਪਾਠ ਕਰਨ ਦਾ ਕੀ ਲਾਭ? ਰਹਿਤ ਰਖਣ ਦਾ ਕੀ ਲਾਭ? ਅਤੇ ਇਸੇ ਲੜੀ ਵਿਚ ਉਹਨਾਂ ਦੇ ਮਾਦਾ ਪ੍ਰਸਤ ਦਿਮਾਗ ਦਾ ਬਿਨੇ ਸੋਚ ਸਮਝੇ ਰੋਟੀਨ-ਟਾਈਪ ਇਹ ਸਵਾਲ ਭੀ ਹੁੰਦਾ ਹੈ ਕਿ ਅੰਮ੍ਰਿਤ ਛਕਣ ਦਾ ਕੀ ਲਾਭ? ਸਿਖ ਬਣਨ ਦਾ ਕੀ ਲਾਭ?

ਹਿਮਾਲਾ ਪਰਬਤ ਦੇ ਲਾਭਾਂ ਦੀ ਸੂਚੀ ਵਾਂਗ ਇਸ ਗੰਭੀਰ ਪ੍ਰਸ਼ਨ ਦਾ ਉਤਰ ਦੇਣਾ ਨਾ ਤਾਂ ਸੰਭਵ ਹੈ ਤੇ ਨਾ ਹੀ ਉਚਿਤ। ਦਰ ਅਸਲ ਗਲ ਇਹ ਹੈ ਕਿ ਸਮਾਜਿਕ ਕੀਮਤਾਂ ਇਤਨੀ ਤੇਜ਼ੀ ਨਾਲ ਬਦਲ ਰਹੀਆਂ ਹਨ ਕਿ ਸਾਡਾ ਨੌਜਵਾਨ ਵੀਰ ਘਬਰਾ ਗਿਆ ਹੈ ਉਸਦਾ ਦਿਮਾਗ ਦਕਾ ਚੌਂਧ ਹੋ ਗਿਆ ਹੋਇਆ ਹੈ ਅਧੁਨਕ-ਯੁਗ ਦੇ ਵਿਗਿਆਨ ਦੇ ਚਮਤਕਾਰਾਂ ਨੂੰ ਵੇਖ ਕੇ ਕਿ ਕਿਸ ਤੇਜ਼ੀ ਨਾਲ ਮਨੁਖ ਚੰਦਰਮਾਂ ਤੇ ਜਾ ਕੇ ਪਰਤ ਆਇਆ ਉਥੋਂ ਦੀਆਂ ਚਟਾਨਾਂ ਲਿਆਇਆ। ਐਟਮ ਬੰਬ ਤੇ ਹੋਰ ਇਹੋ ਜਿਹੇ ਘਾਤਕ ਸ਼ਸਤਰਾਂ ਨੂੰ ਵੇਖ ਕੇ ਉਹ ਕਿਰਪਾਨ ਸਾਹਿਬ ਨੂੰ ਪੁਰਾਣੇ ਸਮੇਂ ਦੇ ਸ਼ਸਤਰ ਤੋਂ ਵਧ ਨਹੀਂ ਸਮਝਦਾ ਅਤੇ ਇਸ ਦੇ ਅੰਗ ਸੰਗ ਰਖਣ ਨੂੰ ਮਖੌਲਾਂ ਕਰਦਾ ਹੈ। ਕਿਉਂਕਿ ਉਸਨੂੰ ਹੁਣ ਇਸਦਾ ਕੋਈ "ਲਾਭ" ਨਹੀਂ ਦਿਸਦਾ ਉਹ ਕਹਿੰਦਾ ਹੈ ਰੇਬਦਾਰ ਕਛਹਿਰੇ ਦਾ ਕੀ ਲਾਭ? ਜਦੋਂ ਦੂਜਾ ਸਸਤਾ ਬਣਦਾ ਹੈ? ਲੋਹੇ ਦੇ ਕੜ ਨੂੰ ਧਾਰਨ ਕਰਨ ਦਾ ਕੀ ਲਾਭ? ਜਦ ਕਿ ਸੋਨੇ ਦਾ ਕੜਾ ਪਾ ਕੇ ਸਾਡਾ ਦਰਜਾ (Status) ਵਧਕੇ ਮਿਤਰਾਂ ਦੋਸਤਾਂ ਵਿੱਚ ਮਾਣ ਵਧਦਾ ਹੈ ਤੇ ਆਖਰ ਕੇਸ ਰਖਣ ਦਾ ਕੀ ਲਾਭ? ਕਿਉਂਕਿ ਇਹ ਸਫਾਈ ਵਿਚ ਵਾਧਾ ਪੈਦਾ

www.AKJ.Org

ਕਰਦੇ ਹਨ ?

ਥੋੜੀ ਜਿਹੀ ਡੂੰਘੀ ਵਿਚਾਰ ਨਾਲ ਇਹ ਸਪਸ਼ਟ ਦਿਸ ਪਏਗਾ ਕਿ ਸਾਡਾ ਪੜਿਆ ਲਿਖਿਆ ਵੀਰ ਕੀ ਚਾਹੁੰਦਾ ਹੈ। ਉਹ ਚਾਹੁੰਦਾ ਹੈ :—

1. ਸੁਖ ਰਹਿਣੀਆਂ ਜੀਵਨ ਜਿਸ ਵਿੱਚ ਕਿਸੇ ਕਿਸਮ ਦੀ ਕੋਈ ਪਾਬੰਦੀ ਨਾ ਹੋਵੇ। ਜੇਹੋ ਜਿਹਾ ਮਨ ਕਰੇ ਮੌਜ ਕਰੇ। ਜਿਸ ਵੇਲੇ ਜੀ ਕਰੇ ਉਠੇ (9 ਵਜੇ ਸਵੇਰੇ) ਕੰਮ ਕਰੇ ਜਾਂ ਨਾ ਕਰੇ। ਚੰਗੇ ਆਚਰਣ ਲਈ ਜਤਨ ਕਰੇ, ਨਾ ਕਰੇ ਉਸ ਦੇ ਮਨ ਦੀ ਮੌਜ। ਇਸ ਗਲ ਦੀ ਉਹ ਹਰ ਤਰ੍ਹਾਂ ਦੀ ਖੁਲ ਚਾਹੁੰਦਾ ਹੈ। ਭਾਵ ਮਨ ਦੇ ਮਗਰ ਲਗ ਕੇ ਜੀਉਣਾ ਉਸ ਲਈ ਉਤਮ ਕੀਮਤ ਹੈ। (Social Value)

2. ਫਿਰ ਹਰ ਸ੍ਰੇਣੀ ਤੇ ਵਰਗ ਦਾ ਨੌਜਵਾਨ ਆਪਣੇ ਮਿਤ੍ਰਾਂ ਸਾਥੀਆਂ ਵਿੱਚ ਮਾਣ (Pride) ਪ੍ਰਾਪਤ ਕਰਨ ਲਈ ਜਤਨ ਕਰਦਾ ਹੈ। ਇਹ ਭਾਵੇਂ ਸੁਭਾਵਕ ਹੈ ਪਰ ਉਸ ਨੂੰ (Cheap Reputation) ਸਸਤੀ ਸ਼ੁਹਰਤ ਲੈਣ ਲਈ ਕਈ ਕਮੀਨੀਆਂ ਹਰਕਤਾਂ ਕਰਨੀਆਂ ਪੈਂਦੀਆਂ ਹਨ। ਸਾਡਾ ਨੌਜਵਾਨ ਉਹ ਕਰਨ ਵਿਚ ਗੁਰੇਜ਼ ਨਹੀਂ ਕਰਦਾ। ਭਾਵ ਉਹ ਝੂਠੇ ਮਾਣ ਦਾ ਭੁਖਾ ਹੈ।

3. ਕਾਮ ਦੀ ਪੂਰਤੀ ਲਈ ਤਕਰੀਬਨ ਹਰ ਨੌਜਵਾਨ ਦੀਆਂ ਅੱਖਾਂ ਮੈਲੀਆਂ ਹੁੰਦੀਆ ਹਨ। ਤੇ ਉਹ ਕੋਝੀਆਂ, ਹਾਸੋ ਹੀਣੀਆਂ ਹਰਕਤਾਂ ਕੇਵਲ ਇਸ ਲਈ ਕਰਦੇ ਹਨ, ਜਿਵੇਂ ਬਾਂਦਰ ਬਾਂਦਰੀ ਨੂੰ ਖ਼ੁਸ਼ ਕਰਨ ਲਈ ਕਰਦਾ ਹੈ। ਹਰ ਤਰ੍ਹਾਂ ਦੇ ਵੇਸ ਕਰਨੇ, ਫੈਸ਼ਨ ਕਰਨੇ ਇਹ ਉਸਦਾ ਸਭ ਤੋਂ ਵਡਾ ਮਨ-ਪਰਚਾਵਾ ਹੈ।

ਮੇਰਾ ਇਕ ਨਿਕਾ ਜਿਹਾ ਸਵਾਲ ਹੈ ਕਿ ਜੋ ਨੌਜਵਾਨ ਸ੍ਵੈ ਕਾਬੂ (Self-discipline) ਤੋਂ ਸਖਣਾ ਹੈ, ਸੁਖ ਰਹਣੀਆਂ ਬਣ ਕੇ ਤੇ ਆਪਣੇ ਮਨ ਦੇ ਇਸ਼ਾਰੇ ਨਚਣਾ ਹੀ ਜਾਣਦਾ ਹੈ, ਉਹ ਝੂਠੀ ਸ਼ੁਹਰਤ ਦਾ ਭੁਖਾ ਹੈ, ਤੇ ਕਾਮ ਵਸ ਵਿਚ ਅੰਨਾ ਹੋ ਕੇ ਤੁਰਿਆ ਫਿਰਦਾ ਹੈ, ਉਹ ਅਗਰ ਪ੍ਰਸ਼ਨ ਕਰੇ ਕਿ ਅੰਮ੍ਰਿਤ ਦਾ ਕੀ ਲਾਭ ਹੈ ਬੜੀ ਹਾਸੇ ਵਾਲੀ ਗਲ ਹੈ। ਭਲਾ ਉਸਨੂੰ ਅਜੇ ਅੰਮ੍ਰਿਤ ਦੀ ਕੀ ਸਾਰ ?

www.AKJ.Org

"ਅੰਮ੍ਰਿਤ ਕੀ ਸਾਰ ਸੋਈ ਜਾਣੈ, ਜੋ ਅੰਮ੍ਰਿਤ ਕਾ ਵਾਪਾਰੀ ਜੀਉ ।"

ਵਾਪਾਰੀ ਤਾਂ ਹੀ ਬਣੇ ਜੇ ਕੋਈ ਲਾਭ ਦਿਸੇ ? ਮੁਬਾਰਿਕ ਹਨ ਉਹ ਹਿਰਦੇ ਜਿਨ੍ਹਾਂ ਵਿਚ ਇਹ ਸਵਾਲ ਉਠਦੇ ਹਨ ਕਿ ਮੈਂ ਕੌਣ ਹਾਂ, ਮੈਂ ਇਸ ਸੰਸਾਰ ਵਿਚ ਕਿਸ ਲਈ ਜਨਮ ਲਿਆ ਹੈ ? ਆਖ਼ਰ ਇਹ ਦੁਖ ਸੁਖ ਕਿਉਂ ? ਇਸ ਸਾਰੀ ਜੀਵਨ-ਖੇਡ ਦਾ ਅੰਤ ਕੀ ਸ਼ਮਸ਼ਾਨ ਭੂਮੀ ਤਕ ਹੀ ਹੈ ? ਮੇਰਾ ਜੀਵਨ ਸੰਦੇਸ਼ (Mission) ਕੀ ਹੈ ? ਇਹੋ ਜਿਹੇ ਪ੍ਰਸ਼ਨ ਸੋਚਵਾਨ ਦਿਮਾਗ਼ ਵਿਚ ਤਰੰਗਾਂ ਵਾਂਗ ਉਠਣੇ ਸੁਭਾਵਕ ਹਨ। ਪਰ ਸੁਖ-ਰਹਿਣੀ ਬਿਰਤੀ ਵਾਲੇ ਇਹਨਾਂ ਪ੍ਰਸ਼ਨਾਂ ਦੇ ਉਤਰ ਮੁਸ਼ਕਲ ਜਾਣ ਕੇ ਇਸ ਲਈ ਛਡ ਦਿੰਦੇ ਹਨ ਕਿ ਦੋਸਤ ਯਾਰ ਕੀ ਆਖਣਗੇ, "ਮੁੰਡਾ ਫਿਲਾਸਫਰ ਬਣ ਗਿਆ ਏ।"

ਸਵਾਲ ਹੈ ਆਖਰ ਕਦ ਤਕ ਡਰ ਕੇ ਲੁਕਦੇ ਫਿਰਾਂਗੇ, ਫਿਲਾਸਫਰ ਬਣਨ ਤੋਂ। ਅਸੀਂ (ਮਾਇਆ) ਮਦਾ ਪ੍ਰਸਤੀ ਦੇ ਆਲੇ ਦੁਆਲੇ ਵਿਚ ਰਹਿੰਦੇ ਹਾਂ ਹਰ ਵਕਤ ਅਸੀਂ ਆਪਣੇ ਧੰਧਿਆਂ ਵਿਚ ਇਤਨੇ ਫਸੇ ਰਹਿੰਦੇ ਹਾਂ ਕਿ ਸਾਨੂੰ ਵਗ ਰਹੇ ਜੀਵਨ ਦਾ ਕਦੀ ਚੇਤਾ ਹੀ ਨਹੀਂ ਆਇਆ ਕਿ ਅਸਾਂ ਕਿਥੇ ਜਾਣਾ ਹੈ ?

"ਬਿਹਤੀ ਜਾਤ ਕਦੇ ਦ੍ਰਿਸ਼ਟ ਨ ਧਾਰਤ ॥"

ਈਸਾਈ ਮਤ ਵਿਚ ਬਹੁਤ ਸੋਹਣੇ ਲਫਜ਼ਾਂ ਵਿਚ ਆਖਿਆ ਹੈ ਕਿ ਇਹ ਜੀਵਨ ਅਸਾਂ ਲਾਲਸਾਵਾਂ ਨਾਲ ਘੋਲ ਕਰਨ ਵਿਚ ਲਗਾਣਾ ਹੈ। ਗੁਰਬਾਣੀ ਅੰਦਰ ਇਹਨਾਂ ਨੂੰ ਮਾਰਨ ਦੇ ਜਤਨ ਦਾ ਇਕੋ ਨਾਮ ਰਖਿਆ ਹੈ—

"ਮਨ ਜੀਤੈ ਜਗ ਜੀਤ ॥"

ਇਸ ਲਈ ਆਪਣੇ ਮਨ ਨੂੰ ਜਿਤ ਲੈਣਾ ਸਭ ਤੋਂ ਵਡੀ ਖੇਡ ਹੈ। ਮਨ ਬੜਾ ਹੀ ਚੰਚਲ ਹੈ। ਬੜਾ ਬਾਗੀ ਹੈ ਅਤੇ ਈਸਾਈਆਂ ਦੇ ਕਹਿਣ ਵਾਂਗੂ ਸ਼ੈਤਾਨ ਦੇ ਅਸਰ ਨੂੰ ਬਹੁਤ ਛੇਤੀ ਕਬੂਲਦਾ ਹੈ। ਇਸ ਲਈ ਜੇ ਤਾਂ ਸਾਡੇ ਇਸ ਜਨਮ ਦਾ, ਇਸ ਸੋਹਣੇ ਪੜ੍ਹੇ ਲਿਖੇ ਜੀਵਨ ਦਾ ਸ਼੍ਰੋਮਣੀ ਉਦੇਸ਼ ਇਹ ਬਣ ਜਾਏ ਕਿ ਅਸੀਂ ਆਪਣੇ ਮਨ ਤੇ ਵਿਜੈ ਪ੍ਰਾਪਤ ਕਰਨੀ ਹੈ ਤਾਂ ਅਸੀਂ ਅੰਮ੍ਰਿਤ ਦੇ ਵਾਪਾਰੀ ਬਣ ਸਕਦੇ ਹਾਂ। ਪਰ ਜੇ ਸਾਡਾ ਉਦੇਸ਼ ਇਹ ਹੈ ਕਿ ਅਸੀਂ ਅਮਰੀਕਾ ਜਾ ਕੇ ਪੰਜ-ਦਸ ਲਖ ਰੁਪਿਆ ਲਿਆ ਕੇ ਆਪਣੇ ਸਾਕ

www.AKJ.Org

ਸੰਬੰਧੀਆਂ ਵਿਚ ਟੋਰ ਨਾਲ ਰਹਿਨਾ ਹੈ, ਫਿਰ ਅਸੀਂ ਮਾਇਆ ਦੇ ਵਪਾਰੀ ਤਾਂ ਹਾਂ ਅੰਮ੍ਰਿਤ ਦੇ ਨਹੀਂ ਅਤੇ ਇਸੇ (Level) ਪਧਰ ਤੋਂ ਪੁਛ ਰਹੇ ਹਾਂ ਕਿਉਂਜੀ ਅੰਮ੍ਰਿਤ ਦੇ ਵਪਾਰੀ ਬਣਨ ਦਾ ਕੀ ਲਾਭ ਹੈ ?

ਸਾਡੀ ਪੜ੍ਹਾਈ ਸਾਨੂੰ ਮਨ ਜਿਤਣ ਲਈ ਤਿਆਰ ਨਹੀਂ ਕਰਦੀ। ਸਾਨੂੰ ਤਿਆਰ ਕਰਦੀ ਹੈ ਧੰਧਿਆਂ ਲਈ, ਸਾਨੂੰ ਤਿਆਰ ਕਰਦੀ ਹੈ ਆਪਣੀਆਂ (Material Wants) ਸੰਸਾਰਕ ਭੁਖਾਂ ਨੂੰ ਵਧਾਉਣ ਤੇ ਪੂਰਨ ਕਰਨ ਲਈ। ਤੇ ਸਿਖਾਂਦੀ ਹੈ ਕਿ ਅਸੀਂ ਆਪਣੀਆਂ ਮਾਦਾ ਭੁਖਾਂ ਨੂੰ ਪੂਰਨ ਕਰਨ ਲਈ ਹੀ ਜੀਉਂਦੇ ਹਾਂ।

ਮਾਦਾ ਭੁਖਾ ਮਨ ਦੀਆਂ ਤ੍ਰਿਸ਼ਨਾਵਾਂ ਹਨ। ਅਸੀਂ ਨਿਰਾ ਮਨ ਨਹੀਂ। ਸਾਡੀ ਵਿਦਿਆ ਨੇ ਸਾਨੂੰ ਅਧੇ-ਜੀਵਨ ਲਈ ਤਿਆਰ ਕੀਤਾ ਹੈ। ਮਨ ਦੀ ਤ੍ਰਿਸ਼ਨਾ, ਮਨ ਦੀ ਹਰ ਪ੍ਰਕਾਰ ਦੀ ਭੁਖ ਨੂੰ ਪੂਰਾ ਕਰਨਾ ਅਸੀਂ ਆਪਣੇ ਜੀਵਨ ਦਾ ਸਭ ਤੋਂ ਉਚਾ ਉਦੇਸ਼ ਮੰਨਿਆ ਹੋਇਆ ਹੈ। ਪਰ ਸਾਡਾ ਅਸਲ ਪਾਸਾ ਜੋ ਇਕ ਸਿਕੇ ਦੇ ਦੂਜੇ ਵਾਂਗ ਹੈ, ਸਾਡਾ ਆਤਮਾ ਹੈ। ਸਾਡੀ ਵਿਦਿਆ ਨੇ ਸਾਨੂੰ ਸਾਡੀ ਆਤਮਕ ਭੁਖ ਦਾ ਕਦ ਅਹਿਸਾਸ ਨਹੀਂ ਕਰਾਇਆ। ਅਸੀਂ (Social animal) ਸਮਾਜਿਕ ਪਸ਼ੂ ਅਖਾਉਣ ਵਿਚ ਖੁਸ਼ ਤੇ ਸਤੁਸ਼ਟ ਰਹੇ ਹਾਂ। ਭਲਾ ਪਸ਼ੂ ਨੂੰ ਅੰਮ੍ਰਿਤ ਦਾ ਕੀ ਪਤਾ ? ਆਤਮਕ ਜਾਗ ਖੁਲ੍ਹੇ, ਤੇ ਭੁਖ ਲਗੇ। ਨਾ ਇਹ ਜਾਗ ਅਜੇ ਖੁਲ੍ਹੀ ਹੈ ਨਾ ਹੀ ਭੁਖ ਲਗੀ ਹੈ। ਅੰਮ੍ਰਿਤ ਉਹ ਵਸਤੂ ਹੈ ਜੋ ਸਾਡੀ ਆਤਮਕ ਭੁਖ ਦੀ ਖੁਰਾਕ ਹੈ ਅਤੇ ਇਸ ਦਾ ਲਾਭ ਉਹੀ ਜਾਣਦਾ ਹੈ ਜਿਸਨੂੰ ਭੁਖ ਲਗੀ ਹੋਵੇ। ਜਿਸ ਨੂੰ ਇਸ ਭੁਖ ਦਾ ਅਜ ਪਤਾ ਨਹੀਂ, ਉਸਨੂੰ ਅੰਮ੍ਰਿਤ ਦਾ ਕੀ ਲਾਭ ? ਕਦੀ ਸੋਚਿਆ ਏ ਅਸੀਂ ਆਪਣੀ ਆਤਮਾਂ ਦੀ ਭੁਖ ਲਈ ਕੀ ਜਤਨ ਕਰਦੇ ਹਾਂ ? ਕਦ ਤਕ ਅਸੀਂ ਆਪਣੀ ਆਤਮਾ ਨੂੰ ਭੁਖਾ ਰਖਾਂਗੇ ? ਕੀ ਸਾਡਾ ਆਤਮਕ ਜੀਵਨ ਭੀ ਹੈ ? ਉਹ ਕਿਹੋ ਜਿਹਾ ਹੈ ?

ਇਹ ਯਾਦ ਰਖਣ ਵਾਲੀ ਗਲ ਹੈ ਕਿ ਜਿਹੋ ਜਿਹੀ ਸਾਡੀ ਭੁਖ ਹੈ, ਮਾਨਸਕ ਜਾਂ ਆਤਮਕ, ਪ੍ਰਭੂ ਸਾਨੂੰ ਉਹੋ ਜਿਹਾ ਆਹਾਰ ਦਿੰਦਾ ਹੈ। ਮਾਨਸਕ ਭੁਖਾਂ ਦੀ ਤ੍ਰਿਪਤੀ ਭੁਖਾਂ ਦੇ ਮਗਰ ਭੱਜਣ ਨਾਲ ਕਦੇ ਨਹੀਂ ਹੋਈ।

www.AKJ.Org

"ਭੁਖਿਆਂ ਭੁਖ ਨ ਉਤਰੀ ਜੇ ਬੰਨਾ ਪੁਰੀਆਂ ਭਾਰ ॥"

ਭਾਵੇਂ ਪੁਰੀਆਂ (ਪਾਤਾਲ ਪੁਰੀ ਦੇਵ ਲੋਕ ਅਤੇ ਮਿਰਤ ਲੋਕ, ਤਿਨੇ ਪੁਰੀਆਂ ਦੇ) ਦੇ ਮਾਲ ਖਜ਼ਾਨਿਆਂ ਦੇ ਭਾਰ ਭੀ ਬੰਨ ਲਵੀਏ ਤਾਂ ਭੀ ਪਦਾਰਥਕ ਭੁਖਾਂ ਦੀ ਭੁਖ ਨਹੀਂ ਉਤਰਦੀ।

ਪਰ ਅੰਮ੍ਰਿਤ ਉਹ ਵਸਤੂ ਹੈ ਜੋ ਇਹਨਾਂ ਭੁਖਾਂ ਤੋਂ ਅਤੇ ਭੁਖੇ ਜੀਵਨ ਤੋਂ ਉਚੇ ਚੁਕਦਾ ਹੈ। ਅੰਮ੍ਰਿਤ ਉਹ ਅਮਰ ਬੂਟੀ ਹੈ ਜਿਸ ਦੇ ਪੀਤਿਆਂ ਜਨਮ-ਮਰਨ ਦਾ ਚੱਕਰ ਖਤਮ ਹੋ ਜਾਂਦਾ ਹੈ, ਅਸੀਂ ਅਮਰ ਬਣ ਜਾਂਦੇ ਹਾਂ। ਅੰਮ੍ਰਿਤ ਉਹ ਆਬੇ-ਹਯਾਤ ਹੈ ਜਿਸ ਨੂੰ ਪੀ ਕੇ ਅਮਰ ਮਰਜੀਵੜਿਆਂ ਨੇ ਮੁਗਲ ਸਾਮਰਾਜ ਦਾ ਮੁਕਾਬਲਾ ਕੀਤਾ, ਸ੍ਵੈ-ਧਰਮ ਦੀ ਰਖਿਆ ਕੀਤੀ, ਆਜ਼ਾਦ ਜੀਵਨ ਬਸਰ ਕੀਤਾ, ਗਿਦੜਾਂ ਤੋਂ ਸ਼ੇਰ ਬਣੇ, ਤੇ ਡਿਗਦੇ ਡੋਲਦੇ, ਗੁਲਾਮੀ ਦੇ ਜੂਲੇ ਨੂੰ ਲਾਹ ਮਾਰਿਆ। ਖੁਸ਼ੀ ਖੁਸ਼ੀ ਦੇਸ਼ ਧਰਮ ਦੀ ਖਾਤਰ ਕੁਰਬਾਨੀਆਂ ਦਿਤੀਆਂ। ਮੁਸਲਮਾਨ ਤੇ ਅੰਗਰੇਜ਼ ਹਾਕਮ ਭੀ ਅਸ਼ ਅਸ਼ ਕਰ ਉਠੇ ਸਨ ਕਿ ਪਤਾ ਨਹੀਂ ਇਹਨਾਂ ਨੇ ਕੀ ਘੋਲ ਕੇ ਪੀਤਾ ਹੋਇਆ ਹੈ। ਉਹ ਅੰਮ੍ਰਿਤ ਸੀ।

ਅੰਮ੍ਰਿਤ ਛਕਣਾ ਇਕ ਉਕਾ ਹੀ ਨਵੇਂ ਜੀਵਨ ਵਿਚ ਪਰਵੇਸ਼ ਕਰਨਾ ਹੈ। ਅਸੀਂ ਸੰਸਾਰੀ ਜਨਮ ਤੋਂ ਉਚੇ ਉਠ ਕੇ ਸਤਿਗੁਰ ਕੇ ਜਨਮ ਲੈਂਦੇ ਹਾਂ।

ਸਤਿਗੁਰ ਕੇ ਜਨਮੇ ਗਉਨ ਮਿਟਾਇਆ ॥

ਅੰਮ੍ਰਿਤ ਛਕਣ ਤੋਂ ਪਹਿਲਾਂ ਸਾਡਾ ਜੀਵਨ ਉਸ ਕਿਸ਼ਤੀ ਵਾਂਗ ਹੈ ਜਿਸਦਾ ਮਲਾਹ ਨ ਹੋਵੇ। ਉਸ ਗੁੰਝਲਦਾਰ ਲਛੇ ਵਾਂਗ ਹੈ ਜਿਸਦੇ ਧਾਗੇ ਉਲਝ ਗਏ ਹਨ ਤੇ ਸਿਰਾ ਨਹੀਂ ਲਭ ਰਿਹਾ। ਅੰਮ੍ਰਿਤ ਇਹਨਾਂ ਗੁੰਝਲਾਂ ਨੂੰ ਸਾਫ ਕਰਦਾ ਹੈ ਬੇੜੀ ਦਾ ਮਲਾਹ ਬਣਦਾ ਹੈ। ਅੰਮ੍ਰਿਤ ਛਕ ਕੇ ਅਸੀਂ ਆਪਣੇ ਮਨ ਦੀ ਮਤ ਦਾ ਤਿਆਗ ਕਰਦੇ ਹਾਂ, ਗੁਰੂ ਦੀ ਮਤ ਗ੍ਰਹਿਨ ਕਰਦੇ ਹਾਂ। ਇਸ ਤਰ੍ਹਾਂ ਜਿਨਾਂ ਨੇ ਮਨ ਨਾਲ ਜੂਝਨਾ ਹੈ, ਮਨ ਜਿਤ ਕੇ ਜਗਤ-ਵਿਜਈ ਬਣਨਾ ਹੈ ਉਹ ਤਕੜਾ ਹੋਵੇ ਤੇ ਅੰਮ੍ਰਿਤ ਛਕੇ, ਪਰ ਜਿਨਾਂ ਅੰਦਰ ਇਹੋ ਜਿਹੀ ਐਵਰੈਸਟ ਚੜ੍ਹਾਈ ਚੜ੍ਹਨ ਦਾ ਅਜੇ ਚਾਉ ਨਹੀਂ ਉਪਜਿਆ ਉਹ ਤਾਂ ਐਵਰੈਸਟ ਚੜ੍ਹਾਈ ਚੜ੍ਹਨ ਵਾਲਿਆਂ ਨੂੰ ਭੀ ਪਾਗਲ ਹੀ ਸਮਝਦੇ ਹੋਣਗੇ।

www.AKJ.Org

ਪਰ ਚੜ੍ਹਾਈ ਚੜ੍ਹਨ ਲਈ ਜੀਵਨ ਦੀਆਂ ਸਿਖਰਾਂ ਤੇ ਚੜ੍ਹਨ ਲਈ ਅੰਮ੍ਰਿਤ ਆਕਸੀਜਨ ਹੈ, ਅੰਮ੍ਰਿਤ ਸਾਹਸ ਹੈ, ਅੰਮ੍ਰਿਤ ਤਾਂਘ ਹੈ, ਅੰਮ੍ਰਿਤ ਜੀਵਨ ਹੈ। ਅੰਮ੍ਰਿਤ ਉਮਾਹਾ ਹੈ, ਅੰਮ੍ਰਿਤ ਜੀਵਨ ਦਾ ਸਚਾ ਸੁਚਾ ਲਾਹਾ ਹੈ।

ਇਸੇ ਨਾਲ ਸੰਬੰਧਤ ਬਾਕੀ ਦੇ ਪ੍ਰਸ਼ਨ ਛੋਟੇ ਛੋਟੇ ਸਵਾਲ ਹਨ ਕਿ ਅੰਮ੍ਰਿਤ ਛਕਣਾ ਤੇ ਸਿਖੀ ਰਹਿਤ ਧਾਰਨ ਕਰਨਾ ਅਠਾਰਵੀਂ ਸਦੀ ਦਾ ਕਰਮ ਸੀ, ਨਾਲੇ ਕਛਹਿਰੇ ਆਦਿ ਰਹਿਤ ਦੇ ਬੰਧਨਾਂ ਵਿਚ ਸਿਖੀ ਨਹੀਂ ਪਈ ਜੇ ਹੈ ਤਾਂ ਮਨ ਦੀ ਹੈ। ਕੇਸਾਂ ਦਾੜ੍ਹੀ ਦਾ ਸਿੰਗਾਰ ਕਰਨ ਤੇ ਟ੍ਰਿਮ ਕਰਨ ਦਾ ਹਰ ਸਿਖ ਨੂੰ ਆਪਣੀ ਪਸਿੰਦ ਮੁਜਬ ਖੁਲ ਹੈ।

ਸਭ ਤੋਂ ਪਹਿਲਾਂ ਤਾਂ ਇਸ ਗਲ ਦਾ ਫੈਸਲਾ ਹੋਣਾ ਚਾਹੀਦਾ ਹੈ ਕਿ ਕੀ ਅਜ ਦੇ ਵਿਗਿਆਨਕ ਯੁਗ ਵਿਚ ਭੀ ਅੰਮ੍ਰਿਤ ਛਕਣਾ ਜ਼ਰੂਰੀ ਹੈ ? ਜ਼ਰੂਰੀ ਹੈ ਜਿਵੇਂ ਸਾਡੇ ਜੀਵਨ ਲਈ ਸਾਹ ਲੈਣਾ ਜ਼ਰੂਰੀ ਹੈ।

ਦੇਖਿਆ ਜਾਏ ਸਾਰਾ ਸੰਸਾਰ, ਸਾਰਾ ਮਨੁਖ ਜਗਤ ਰੋਗੀ ਹੈ ਵਿਸ਼ਵ-ਧਰਮਾਂ ਦੀ ਲੜੀ ਵਿੱਚ ਗੁਰਬਾਣੀ ਪਰਮ ਪਿਤਾ ਪਰਮਾਤਮਾ ਅਕਾਲ ਪੁਰਖ ਦਾ ਸਭ ਤੋਂ ਨਵੀਨ ਸੰਦੇਸ਼ ਹੈ। ਉਹ ਸੰਦੇਸ਼ ਹੈ :—

ਭੈਰਉ ਮਹਲਾ ੫

ਹਉਮੈ ਰੋਗੁ ਮਾਨੁਖ ਕਉ ਦੀਨਾ। ਕਾਮ ਰੋਗਿ ਮੈਗਲੁ ਬਸਿ ਲੀਨਾ॥
ਦ੍ਰਿਸਟ ਰੋਗ ਪਚਿ ਮੁਏ ਪਤੰਗਾ। ਨਾਦ ਰੋਗ ਖਪ ਗਏ ਕੁਰੰਗਾ॥੧॥
ਜੋ ਜੋ ਦੀਸੈ ਸੋ ਸੋ ਰੋਗੀ। ਰੋਗ ਰਹਿਤ ਮੇਰਾ ਸਤਿਗੁਰੁ ਜੋਗੀ॥੧॥ ਰਹਾਉ॥
ਜਿਹਵਾ ਰੋਗਿ ਮੀਨੁ ਗ੍ਰਸਿਆਨੋ। ਬਾਸਨ ਰੋਗਿ ਭਵਰੁ ਬਿਨਸਾਨੋ॥
ਹੇਤ ਰੋਗ ਕਾ ਸਗਲ ਸੰਸਾਰਾ। ਤ੍ਰਿਬਿਧਿ ਰੋਗ ਮਹਿ ਬਧੇ ਬਿਕਾਰਾ॥੨॥
ਰੋਗੇ ਮਰਤਾ ਰੋਗੇ ਜਨਮੈ। ਰੋਗੇ ਫਿਰਿ ਫਿਰਿ ਜੋਨੀ ਭਰਮੈ॥
ਰੋਗ ਬੰਧ ਰਹਨੁ ਰਤੀ ਨ ਪਾਵੈ। ਬਿਨੁ ਸਤਿਗੁਰ ਰੋਗ ਕਤਹਿ ਨ ਜਾਵੈ॥੩॥
ਪਾਰਬ੍ਰਹਮਿ ਜਿਸੁ ਕੀਨੀ ਦਇਆ। ਬਾਹ ਪਕੜਿ ਰੋਗਹੁ ਕਢਿ ਲਇਆ॥
ਤੂਟੇ ਬੰਧਨ ਸਾਧ ਸੰਗੁ ਪਾਇਆ। ਕਹੁ ਨਾਨਕ ਗੁਰਿ ਰੋਗ ਮਿਟਾਇਆ॥੪॥

ਇਸ ਸ਼ਬਦ ਵਿੱਚ ਗੁਰੂ ਮਹਾਰਾਜ ਇਕ ਮਹਾਨ ਵੈਦ ਦੀ ਹੈਸੀਅਤ ਵਿੱਚ ਦਸ ਰਹੇ ਹਨ ਕਿ ਇਹ ਸਾਰਾ ਸੰਸਾਰ, ਮਨੁਖ ਅਤੇ ਪਸ਼ੂ, ਰੋਗੀ ਹੈ

www.AKJ.Org

ਮਨੁਖ ਵਿਚ ਹੋਰਨਾਂ ਰੋਗਾਂ ਤੋਂ ਛੁਟ ਸਭ ਤੋਂ ਵਡਾ ਰੋਗ ਹਉਮੈਂ ਦਾ ਹੈ ਕਿ ਮੈਂ ਇਸ ਸੰਸਾਰ ਦੇ ਤਮਾਮ ਜੀਵਾਂ ਜੰਤੂਆਂ ਤੋਂ ਵਡਾ ਹਾਂ, ਮੈਂ ਕੁਦਰਤ ਨਾਲ ਘੋਲ ਕਰਦਾ ਕਰਦਾ ਇਸ ਪਦਵੀ ਤੇ ਪੁਜਾ ਹਾਂ। ਇਹ ਉਸ ਦਾ ਹਉਮੈਂ ਰੋਗ ਹੈ। ਹਾਥੀ ਵਿੱਚ ਕਾਮ ਪਰਧਾਨ ਹੈ। ਨਜ਼ਰ ਬਹੁਤੀ ਤੇਜ਼ ਹੋਣ ਕਰਕੇ ਪਤੰਗਾ ਇਕ ਮੀਲ ਤੋਂ ਭੀ ਰੌਸ਼ਨੀ ਜਾਂ ਦੀਵਾਂ ਬਲਦਾ ਵੇਖ ਲੈਂਦਾ ਹੈ ਪਰ ਇਸੇ ਰੋਗ ਨਾਲ ਅੰਤ ਉਹ ਆਪਣੀ ਚਤਰਾਈ ਕਰਕੇ ਸੜ ਜਾਂਦਾ ਹੈ।

ਹਿਰਨ ਭੀ ਘੰਟੇ ਹੇੜੇ ਆਦਿ ਦੀ ਆਵਾਜ਼ਾਂ ਨੂੰ ਸੁਣ ਕੇ ਖ਼ੁਸ਼ ਹੁੰਦਾ ਹੈ, ਕੰਨ-ਰਸ ਦਾ ਵਡਾ ਰੋਗ ਉਸਦਾਂ ਵਡੀ ਕਮਜ਼ੋਰੀ ਬਣਦੀ ਹੈ। ਉਹ ਇਸੇ ਵਿੱਚ ਮਸਤ ਹੋ ਕੇ ਪਕੜਿਆ ਜਾਂਦਾ ਹੈ। ਤੇ ਅੰਤ ਮੌਤ ਦੇ ਮੂੰਹ ਵਿਚ ਜਾਂਦਾ ਹੈ। ਰਹਾਉ ਦੀ ਤੁਕ ਬੜੇ ਜ਼ੋਰ ਨਾਲ ਐਲਾਨ ਕਰਦੀ ਹੈ ਕਿ ਜੋ ਜੋ ਦਿਸਦਾ ਹੈ ਉਹ ਰੋਗੀ ਹੈ, ਜੇ ਕੋਈ ਰੋਗ ਤੋਂ ਬਚ ਸਕਿਆ ਹੈ ਤਾਂ ਉਹ ਕੇਵਲ ਸਤਿਗੁਰ (ਗੁਰੂ ਨਾਨਕ ਪਾਤਸ਼ਾਹ) ਹੀ ਹੈ।

ਫਿਰ ਮਛੀ ਵਲ ਇਸ਼ਾਰਾ ਕੀਤਾ ਹੈ ਕਿ ਮਛੀ ਕਿਵੇਂ ਜ਼ਬਾਨ ਦੇ ਲਾਲਚ ਵਿਚ ਫਸ ਜਾਂਦੀ ਹੈ, ਕਿਵੇਂ ਭਵਰਾ ਵਾਸ਼ਨਾ (ਸੁਗੰਧੀ—ਸੁੰਘਣ ਦਾ ਰੋਗ) ਪਿਛੇ ਭੌਂ ਭੌਂ ਕੇ ਮਰ ਜਾਂਦਾ ਹੈ। ਹਾਥੀ, ਪਤੰਗੇ, ਮੱਛੀ, ਅਤੇ ਭਵਰੇ ਕੁਝ ਕੁ ਪਸ਼ੂ ਪੰਖੀ ਜਗਤ ਵਿਚੋਂ ਮਿਸਾਲਾਂ ਹਨ। ਪਰ ਹੁਣ ਮਹਾਰਾਜ ਉਹਨਾਂ ਜ਼ਿਹਰਾਂ (Miasms) ਦਾ ਨਾ ਲੈਂਦੇ ਹਨ ਜੋ ਇਹਨਾਂ ਸਾਰੇ ਰੋਗਾਂ ਦੀਆਂ ਜੜਾਂ ਹਨ। ਹੇਤ ਰੋਗ ਭਾਵ ਮੋਹ ਦਾ, ਕੂੜੇ ਪਿਆਰ ਦਾ ਖਾਧਾ ਹੋਇਆ ਸਾਰਾ ਸੰਸਾਰ ਹੈ। ਫਿਰ ਸਤੋ ਗੁਣ, ਰਜੋ ਗੁਣ ਤੇ ਤਮੋਂ ਗੁਣਾਂ ਦੇ ਜ਼ਹਿਰੀਲੇ ਮਾਦੇ ਕਾਰਨ ਰੋਗਾਂ ਦਾ ਵਿਕਾਰ ਵਧ ਜਾਂਦਾ ਹੈ। ਤੇ ਮਨੁਖ ਚੰਗਾ ਡਾਕਟਰ ਨਾ ਮਿਲਣ ਕਰਕੇ ਰੋਗੀ ਹਾਲਤ ਵਿਚ ਮਰ ਜਾਂਦਾ ਹੈ, ਪਰ ਇਹ ਰੋਗ ਮਰਨ ਨਾਲ ਨਹੀਂ ਮੁਕਦੇ ਜਦੋਂ ਜੰਮਦਾ ਹੈ ਉਹੀ ਰੋਗ (ਤਿੰਨੇ ਗੁਣਾ ਦੇ ਤੇ ਮੋਹ) ਉਸਦੇ ਨਾਲ ਹੀ ਹੁੰਦੇ ਹਨ।

ਅਤੇ ਰੋਗ ਦਾ ਭਰਿਆ ਹੋਇਆ ਜੰਮ ਜੰਮਕੇ ਮਰੀ ਜਾਂਦਾ ਹੈ, ਪਤਾ ਨਹੀਂ ਕਿਤਨੇ ਜਨਮ ਇਸੇ ਚਕਰ ਵਿਚ ਲਗ ਜਾਂਦੇ ਹਨ। ਕਿਉਂਕਿ ਰੋਗ ਦਾ ਮਾਰਿਆਂ ਹੋਇਆ ਹੈ ਇਸ ਲਈ ਜ਼ਰਾ ਭੀ ਦੇਰ ਉਸ ਨੂੰ ਟਿਕਾਉ (ਰਹਨੁ)

www.AKJ.Org

ਨਹੀਂ ਅਤੇ ਸ੍ਰਮਣੀ ਵੈਦ ਗੁਰੂ ਕਰਤਾਰ ਤੋਂ ਬਿਨਾ ਉਸ ਦਾ ਰੋਗ ਕਿਸੇ ਪਾਸੋਂ ਹਟਦਾ ਹੀ ਨਹੀਂ। ਜਨਮਾਂ ਜਨਮਾਂ ਵਿੱਚ ਫਿਰਦਾ ਫਿਰਦਾ ਫੇਰ ਜਦੋਂ ਮਨੁਖ ਜਨਮ ਉਸਨੂੰ ਮਿਲਦਾ ਹੈ, ਫਿਰ ਪਾਰਬ੍ਰਹਮਿ ਵਾਹਿਗੁਰੂ ਦੀ ਉਸ ਤੇ ਦਇਆ ਹੋ ਜਾਏ, ਤਾਂ ਜਾ ਉਸ ਨੂੰ ਗੁਰੂ ਵੈਦ ਦਾ ਪਤਾ ਲਗਦਾ ਹੈ ਤੇ ਇਲਾਜ ਸ਼ੁਰੂ ਹੁੰਦਾ ਹੈ, ਭਾਵ ਅੰਮ੍ਰਿਤ ਛਕ ਕੇ ਕਮਾਈ ਕਰਦਾ ਹੈ, ਫੇਰ ਕਿਤੇ ਜਾ ਕੇ ਬਖਸਸ਼ ਹੁੰਦੀ ਹੈ ਤੇ ਸਚੀ ਸੁਚੀ ਸੰਗਤ ਪ੍ਰਾਪਤ ਹੁੰਦੀ ਹੈ। ਇਸ ਸਾਧ ਸੰਗਤ ਦੇ ਘੇਰੇ ਵਿਚ ਰਹਿ ਕੇ ਸੰਜਮ ਨਾਲ ਦਵਾਈ ਖਾ ਕੇ ਉਸਦਾ ਰੋਗ ਗੁਰੂ ਦੁਆਰਾ ਮਿਟ ਜਾਂਦਾ ਹੈ ਤੇ ਅਰੋਗ ਹੋ ਕੇ "ਜੋਤੀ ਜੋਤ ਮੀਕੇ ਰਾਮ" ਦੀ ਖੇਡ ਵਰਤਦੀ ਹੈ।

ਮਨੁਖ ਦਾ ਸਭ ਤੋਂ ਵਡਾ ਰੋਗ ਹੈ, ਹਉਮੈਂ ਜੋ ਦੀਰਘ ਕਾਲ ਤੋਂ ਇਸ ਨੂੰ ਲਗਾ ਹੋਇਆ ਹੈ ਅਤੇ ਹੁਣ ਇਹ ਦੀਰਘ ਰੋਗ (Chronic) ਬਣ ਗਿਆ ਹੈ।

ਹਉਮੈਂ ਦੀਰਘ ਰੋਗ ਹੈ, ਦਾਰੂ ਭੀ ਇਸ ਮਾਹਿ।
ਕਿਰਪਾ ਕਰੇ ਜੇ ਆਪਣੀ, ਤਾਂ ਗੁਰ ਕਾ ਸਬਦ ਕਮਾਹਿ ॥ (466)

ਮਨੁਖ ਵਿਚ ਹਉਮੈ (ego) ਜਿਹ ਮਾਰੂ ਰੋਗ ਤੋਂ ਛੁਟ ਕਾਮ, ਕ੍ਰੋਧ, ਲੋਭ, ਮੋਹ, ਈਰਖਾ, ਤੇ ਤ੍ਰਿਸ਼ਨਾ ਭੀ ਹਨ। ਭਾਵ ਇਹ ਕਿ ਹਰ ਇਕ ਮਨੁਖ ਇਸ ਸੰਸਾਰ ਦੇ ਵਡੇ ਸਾਰੇ ਹਸਪਤਾਲ ਵਿਚ ਇਲਾਜ ਲਈ ਭੇਜਿਆ ਗਿਆ ਹੈ। ਰੂਹ ਨੂੰ ਇਥੇ (Divine-doctors) ਰੂਹਾਨੀ ਡਾਕਟਰਾਂ ਤੋਂ ਸਿਵਾ ਹੋਰ ਕਿਸੇ ਤਰ੍ਹਾਂ ਆਰਾਮ ਨਹੀਂ ਆਣਾ। ਰੂਹਾਨੀ ਡਾਕਟਰ ਕੌਣ ਹਨ ? ਵਖੋ ਵਖਰੇ ਧਰਮਾਂ ਦੇ ਪੈਗੰਮਬਰ, ਵਡੇ ਵਡੇ ਸਾਧੂ, ਸੰਤ, ਮਹਾਤਮਾ ਪੁਰਖ ਜਿਨ੍ਹਾਂ ਨੇ ਥਾਂ ਪਰ ਥਾਂ ਰੂਹਾਨੀ-ਸ਼ਫਾਖਾਨੇ ਰੂਹਾਨੀ-ਰੋਗੀਆਂ ਲਈ ਖੋਲੇ ਹੋਏ ਹਨ। ਪਰ ਇਸ ਜੁਗ ਦੇ ਸਭ ਤੋਂ ਵਡੇ ਰੂਹਾਨੀ ਡਾਕਟਰ ਗੁਰੂ ਗ੍ਰੰਥ ਸਾਹਿਬ ਹਨ। ਪਹਿਲਾਂ ਦਸੇ ਪਾਤਸ਼ਾਹੀਆਂ ਇਹ ਪਰਉਪਕਾਰ ਕਰਦੀਆਂ ਰਹੀਆਂ ਅਤੇ ਹੁਣ ਰੂਹਾਨੀ ਰੋਗਾਂ ਦਾ ਇਲਾਜ ਗੁਰੂ ਗ੍ਰੰਥ ਸਾਹਿਬ ਜੀ ਕਰਦੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਤੇ ਦਸੇ ਪਾਤਸ਼ਾਹੀਆਂ ਨੇ ਰੂਹਾਨੀ ਡਾਕਟਰ ਬਣ ਕੇ ਅਨੇਕਾਂ ਦੁਖੀਆਂ ਦਾ ਉਧਾਰ ਕੀਤਾ। ਉਹਨਾਂ ਪਾਸ ਇਕ ਦਵਾਈ ਸੀ ਜਿਸਨੂੰ ਫਾਰਸੀ ਵਿਚ ਆਬੇ-ਹਯਾਤ ਆਖਦੇ ਹਨ, ਤੇ ਅਸੀਂ ਅੰਮ੍ਰਿਤ

www.AKJ.Org

ਆਖਦੇ ਹਾਂ। ਉਹ ਦਵਾਈ ਹੁਣ ਜੁਗੋ ਜੁਗ ਅਟਲ ਸਾਹਿਬ ਸ੍ਰੀ ਗੁਰੂ ਗ੍ਰੰਥ ਜੀ ਪਾਸ ਹੈ। ਦੇਹ ਧਾਰੀ ਜਾਂ ਸ਼ਬਦ ਗੁਰੂ ਦੇ ਭਰਮਾਂ ਵਿਚ ਨਾ ਪੈਣਾ, ਗੁਰੂ ਉਹੀ ਹੈ :—

ਇਕਾ ਬਾਣੀ, ਇਕੁ ਗੁਰ ਇਕੋ ਸਬਦ ਵੀਚਾਰਿ ॥
ਸਚਾ ਸਉਦਾ ਹਟੁ ਸਚੁ ਰਤਨੀ ਭਰੇ ਭੰਡਾਰ ॥ (646)

ਅਤੇ ਜੋ ਰੂਹਾਨੀ-ਰੋਗੀ ਆਪਣੇ ਰੋਗ ਦੀ ਨਵਿਰਤੀ ਲਈ ਲਭਦੇ ਲਭਦੇ, ਇਕ ਵਾਰੀ ਪਹੁੰਚ ਜਾਂਦੇ ਹਨ, ਇਹ ਮਹਾਂ ਵੈਦ—ਗੁਰੂ ਗੋਬਿੰਦਾ ਕੀ ਕਰਦਾ ਹੈ?

ਹਰਿ ਹਰਿ ਨਾਮ ਅਉਖਧ ਮੁਖਿ ਦੇਵੈ।
ਕਾਟੈ ਜਮ ਕੀ ਫੰਧਾ ॥
(ਪੰਨਾ 618)

ਜੋ ਦਵਾਈ ਉਸਦੇ :—

ਜਨਮ ਜਨਮ ਕੇ ਦੂਖ ਨਿਵਾਰੇ ਸੂਕਾ ਮਨੁ ਸਾਧਾਰੈ।
(ਪੰਨਾ 618)

ਇਹ ਤਾਂ ਅਸੀਂ ਜਾਣਦੇ ਹੀ ਹਾਂ ਕਿ ਸੰਸਾਰ ਵਿਚ ਹੋਰ ਭੀ ਬਥੇਰੇ ਡਾਕਟਰ ਨਹ, ਅੇਲੋਪੈਥਕ ਭੀ, ਕਈ ਤਰ੍ਹਾਂ ਦੇ ਹਕੀਮ ਭੀ, ਹੋਮਯੋਪੈਥਕ ਭੀ, ਹਰ ਇਕ ਨੇ ਆਪਣੇ ਆਪਣੇ ਤਰੀਕੇ ਨਾਲ ਆਪੋ ਆਪਣੇ ਦੇਸ਼ ਕਾਲ ਵਿਚ ਆਪੋ ਆਪਣੀ ਸਮਝ ਨਾਲ, ਉਸੇ ਇਕੋ ਕਿਸਮ ਦੇ ਰੋਗੀਆਂ ਨੂੰ ਰਾਜ਼ੀ ਕਰਨ ਦਾ ਜਤਨ ਕਰਦੇ ਹਨ। ਰੋਗ ਤਾਂ ਓਹੋ ਹੀ ਹੈ ਪਰ ਹਰ ਇਕ ਦੀ ਦਵਾਈ ਵਖੋ ਵਖਰੀ ਹੈ। ਇਸ ਤਰ੍ਹਾਂ ਗੁਰੂ ਨਾਨਕ ਦੀ ਦਵਾਈ ਹੈ ਅੰਮ੍ਰਿਤ। ਮੁਕਦੀ ਗਲ ਇਹ ਹੈ ਕਿ ਬਿਨਾਂ ਸਚੇ ਗੁਰੂ ਦੇਵ ਦੀ ਦਵਾਈ (ਅੰਮ੍ਰਿਤ ਪਾਨ ਕਰਨਾ) ਤੇ ਸਤਿਗੁਰਾਂ ਦੇ ਦਸੇ ਸੰਜਮਾਂ ਅਤੇ ਅਤੁਟ ਅਭਿਆਸ ਕਮਾਈ ਕੀਤੇ ਬਿਨਾਂ ਇਹ ਰੋਗ ਨਹੀਂ ਜੇ ਜਾਣੇ।

"ਬਿਨ ਸਤਿਗੁਰ ਰੋਗ ਕਤਹੀ ਨ ਜਾਵੇ ॥"

ਇਹ ਹੈ ਰੱਬੀ ਸੰਦੇਸ਼। ਇਹ ਹੈ ਧੁਰ ਦਾ ਫੁਰਮਾਨ। ਇਸ ਵਿਚ ਹੋਰਨਾਂ ਡਾਕਟਰਾਂ ਦੀ ਨਿੰਦਾ ਨਹੀਂ ਕੀਤੀ ਗਈ ਕੇਵਲ ਸਾਵਧਾਨ ਕੀਤਾ ਗਿਆ ਹੈ ਕਿ

ਸਤਿਗੁਰ ਹਥਿ ਕੁੰਜੀ, ਹੋਰਤੁ ਦਰੁ ਖੁਲੈ ਨਾਹੀ,
ਗੁਰ ਪੂਰੈ ਭਾਗ ਮਿਲਾਵਣਿਆ ॥

www.AKJ.Org

"ਅਨੇਕ ਜੂਨੀ ਭਰਮਿ ਆਵੈ ਵਿਣੁ ਸਤਿਗੁਰ ਮੁਕਤਿ ਨ ਪਾਏ ।
ਫਿਰਿ ਮੁਕਤਿ ਪਾਏ ਲਾਗਿ ਚਰਣੀ ਸਤਿਗੁਰੂ ਸਬਦੁ ਸੁਣਾਏ ॥
ਕਹੈ ਨਾਨਕ ਵੀਚਾਰ ਦੇਖਹੁ ਵਿਣੁ ਸਤਿਗੁਰ ਮੁਕਤਿ ਨ ਪਾਏ ॥

ਇਸ ਸਮੁਚੇ ਗੁਰਵਾਕ ਦਾ ਭਾਵ ਹੈ ਕਿ ਅੰਮ੍ਰਿਤ ਛਕ ਕੇ ਪ੍ਰਾਣੀ ਨਾਮ-ਅਭਿਆਸ ਕਮਾਈ ਕਰੇ ।

ਅਤੇ ਇਸ ਵੈਦ-ਗੁਰੂ ਕੋਲ "ਅੰਮ੍ਰਿਤ ਨਾਮ ਮਹਾਂ ਰਸ ਮੀਠਾ" ਹੈ ਪਰ ਉਹ ਵੈਦ-ਗੁਰੂ ਇਸ ਅੰਮ੍ਰਿਤ ਨੂੰ "ਗੁਰਮਤੀ ਅੰਮ੍ਰਿਤ ਪੀਆਵਣਿਆ" ਦੀ ਵਿਧੀ ਅਨੁਸਾਰ ਹੀ ਹਰ ਇਕ ਰੋਗੀ ਨੂੰ ਆਪ ਆਪਣੇ (ਨਿਯਮਾਂ-ਅਨੁਸਾਰ) ਹਥੀਂ ਅੰਮ੍ਰਿਤ-ਦਾਰੂ ਦਿੰਦਾ ਹੈ ਤੇ ਪ੍ਰਹੇਜ਼ ਦਸਦਾ ਹੈ: "ਸੁਰ ਨਰ ਮੁਨਿ ਜਨ ਅੰਮ੍ਰਿਤ ਖੋਜਦੇ ਸੋ ਅੰਮ੍ਰਿਤ ਗੁਰ ਤੇ ਪਾਇਆ ॥" (ਅਨੰਦ ਸਾਹਿਬ)

ਇਹ ਮਹਾਂ ਰੋਗ ਸਰਬ-ਵਿਆਪੀ (Universal) ਹੈ । ਹਰ ਥਾਂ ਦੇ ਲੋਕਾਂ ਨੂੰ ਹੈ, ਹਰ ਮਤ ਦੇ ਲੋਕਾਂ ਨੂੰ ਹੈ । ਹਰ ਦੇਸ਼ ਵਿਚ ਹੈ । ਹਰ ਕਾਲ ਵਿਚ ਹੈ । ਇਹ ਰੋਗ ਸਮੇਂ ਦੀਆਂ ਤੇ ਦੂਰੀ ਦੀਆਂ ਵਿਥਾਂ ਉਲੰਘ ਚੁਕਾ ਹੈ । ਇਸ ਲਈ ਇਹ ਆਖਣਾ ਕਿ ਅਜ ਵੀਹਵੀਂ ਸਦੀ ਹੈ, ਅਤੇ ਮਨੁਖ ਨੇ ਬਹੁਤ ਤਰੱਕੀ ਕਰ ਲਈ ਹੈ, ਇਸ ਲਈ ਉਸ ਨੂੰ ਅੰਮ੍ਰਿਤ ਦਾਰੂ ਦੀ ਲੋੜ ਨਹੀਂ ਰਹੀ ਗਲ ਫ਼ਬਦੀ ਨਹੀਂ ਕਿਉਂਕਿ ਅਸੀਂ ਵੇਖ ਰਹੇ ਹਾਂ ਕਿ ਮਨੁਖ ਅਜ ਭੀ ਰੋਗੀ ਹੈ । ਕਿਸੇ ਨੇ ਸਚ ਹੀ ਆਖਿਆ ਹੈ, "ਭਾਵੇਂ ਮਨੁਖ ਚੰਦਰਮਾ ਤੇ ਜਾ ਚੜ੍ਹਿਆ ਹੈ ਪਰ ਕੀ ਫਾਇਦਾ ? ਜੇ ਉਸਨੂੰ ਅਜੇ ਧਰਤੀ ਤੇ ਬੰਦਿਆਂ ਵਾਂਗ ਵਸਣਾ ਨਹੀਂ ਆਇਆ ?" ਇਹ ਟਿਪਣੀ ਪਛਮ ਦੇ ਇਕ ਉਘੇ ਫਿਲਾਸਫਰ ਨੇ ਕੀਤੀ ਹੈ ਅਤੇ ਇਹ ਅਜ ਦੇ ਮਨੁਖ ਦੀ ਤਰੱਕੀ ਵਲ ਸੰਕੇਤ ਹੀ ਕਰਦੀ ਹੈ ਕਿ ਭਾਵੇਂ ਉਹ ਬਾਹਰੋਂ ਲਿਸ਼ਕਿਆ-ਪੁਸ਼ਕਿਆ ਹੈ ਅੰਦਰੋਂ ਉਹ ਅਜੇ ਭੀ ਸੱਜਣ ਠਗ ਹੈ । ਉਸਦੇ ਅੰਦਰ ਅਜੇ ਭੀ ਮਲਕ-ਭਾਗੋ ਦੀ ਸਖਸ਼ੀਅਤ ਬੋਲਦੀ ਹੈ । ਅਜੇ ਭੀ ਉਹ ਕੌਡਾ ਰਾਖਸ਼ ਹੈ । ਅਜੇ ਭੀ ਨੂਰ ਸ਼ਾਹ ਦੇ ਰੂਪ ਵਿਚ ਉਹ ਬਥੇਰੇ ਮਾਸੂਮਾਂ ਨੂੰ ਮਿਲਾਵਟਾਂ ਭਰੇ ਭੰਡਾਰ ਖੁਆ ਖੁਆ ਕੇ, ਹੋਰ ਕਈ ਕਿਸਮ ਦੀਆਂ ਹੇਰਾਂ ਫੇਰੀਆਂ ਕਰ ਕਰ ਕੇ ਆਪਣੇ ਮਾਯਾ ਜਾਲ ਵਿਚ ਫਸਾਈ ਜਾਂਦਾ ਹੈ । ਤਰੱਕੀ ਕਾਹਦੀ ਕੀਤੀ ਹੈ ? ਕੇਵਲ ਉਪਰਲੀ

www.AKJ.Org

ਸਭਿਅਤਾ ਦੀ, ਖਾਣ ਪੀਣ ਦੀ, ਹੇਰਾ ਫੇਰਾ ਦੀ ? ਆਵਾਜਾਈ ਦੇ ਸਾਧਨਾਂ ਦੀ, ਕਪੜੇ ਤੇ ਫੈਸ਼ਨਾਂ ਦੀ ਜਾ ਮਨ ਪਰਚਾਵੇ ਦੀ ? ਜਾਂ ਸਭ ਤੋਂ ਵੱਡੀ ਤਰੱਕੀ ਇਹ ਹੈ ਕਿ ਪਿਛਲੇ ਸਾਰੇ ਵਿਸ਼ਵ-ਇਤਿਹਾਸ ਅੰਦਰ ਯੁਧਾਂ ਦੇ ਰੀਕਾਰਡ ਟੁਟ ਗਏ ਜਦੋਂ ਸਾਡੇ ਇਸ ਤਰੱਕੀ ਯਾਫਤਾ ਮਨੁਖ ਨੇ ਅੱਧੀ ਸਦੀ ਦੇ ਅੰਦਰ ਅੰਦਰ ਦੋ ਵਡੇ ਵਡੇ ਮਹਾਂ ਯੁਧ ਲੜੇ ਤੇ ਤੀਜੇ ਲਈ ਅਜੇ ਖਿਚੜੀ ਪੱਕਦੀ ਹੈ ।

ਮੇਰਾ ਕਹਿਣ ਤੋਂ ਭਾਵ ਹੈ ਕਿ ਅਸੀਂ ਜਿਸ ਫੀਤੇ ਨਾਲ ਇਸ ਤਰੱਕੀ ਨੂੰ ਨਾਪਦੇ ਹਾਂ, ਉਹ ਫੀਤਾ ਮਾਡਾ ਬਣਾਇਆ ਹੋਇਆ ਹੈ । ਪਰ ਆਤਮਾ ਨੂੰ ਨਾਪਣ ਵਾਲਾ ਫੀਤਾ ਹੋਰ ਹੈ । ਰੂਹਾਨੀ ਇਲਮਾਂ ਵਾਲੇ ਜਾਣਦੇ ਹਨ ਇਹ ਤਰੱਕੀ ਕੇਵਲ ਬਾਹਰਮੁਖੀ ਹੈ । ਮਨੁਖ ਦਾ ਅੰਦਰਲਾ ਕਾਮ, ਕ੍ਰੋਧ ਲੋਭ, ਹੰਕਾਰ ਤ੍ਰਿਸ਼ਨਾ ਤੇ ਈਰਖਾ ਦੀਆਂ ਅਗਾਂ ਨਾਲ ਸੜਿਆ ਪਿਆ ਅੰਦਰ ਇਹਨਾਂ ਅਗਾਂ ਨੇ ਸਾੜ ਦਿਤਾ ਹੈ । ਇਹ ਤਸ਼ਖੀਸ (Diag nosis) ਰੂਹਾਨੀਅਤ ਦੇ ਸ਼੍ਰੋਮਣੀ ਡਾਕਟਰ ਨੇ ਬਹੁਤ ਸੋਹਣ ਸ਼ਬਦਾਂ ਵਿਚ ਕੀਤਾ ਹੈ ।

ਹਉਮੈਂ ਜਲਿਆ ਮਨਹੁ ਵਿਸਾਰੇ ।
ਜਮਪੁਰਿ ਵਜਹਿ ਖੜਗ ਕਰਾਰੇ ।
ਅਬ ਕੈ ਕਹਿਐ ਨਾਮ ਨ ਮਿਲਈ ।
ਤੂ ਸਹੁ ਜੀਅੜੇ ਭਾਰੀ ਜੀਓ ।

[ਰਾਗ ਮਾਰੂ ਮ: ੧ ੯੯੩]

ਕਿਤਨੀਂ ਡੂੰਘੀ ਬੀਮਾਰੀ ਹੈ । ਇਸ ਹਉਮੈਂ ਰੋਗ ਨੇ ਸਾੜ ਕੇ ਮਨੁਖ ਦੀਆਂ ਕੋਮਲ ਕਲਾਵਾਂ, ਕੁਦਰਤ ਨਾਲ ਪਿਆਰ, ਵਾਹਿਗੁਰੂ ਤੇ ਭਰੋਸਾ, ਸਭ ਫੂਕ ਦਿਤਾ । ਫਿਰ ਮਰਨ ਉਪਰੰਤ ਜਦੋਂ ਦੇਖਿਆ ਗਿਆ ਕਿ ਇਹ ਤਾਂ ਰੋਗੀ ਹੈ ਤੇ ਜਮਾਂ ਨੇ ਖੂਬ ਸੋਧ-ਸੁਧਾਈ ਕੀਤੀ । ਫਿਰ ਅੰਮ੍ਰਿਤ ਨਾਮ-ਦਾਰੂ ਲਈ ਪੁਕਾਰ ਕਰਦਾ ਹੈ ਜੋ ਸੁਣੀ ਨਹੀਂ ਜਾਂਦੀ ਆਪਣੇ ਰੋਗੀ ਮਨ ਸਹਿਤ ਜੂਨਾਂ ਵਿਚ ਫ਼ਿਰੀ ਜਾਂਦਾ ਹੈ । ਦੁਖ ਸਹਾਰਦਾ ਹੈ ।

ਅੰਮ੍ਰਿਤ ਦਾ ਤੇ ਰੋਗ ਦਾ ਗੂੜਾ ਸੰਬੰਧ ਹੈ । ਜਿਵੇਂ ਦੁਖ ਲਈ ਦਾਰੂ ਹੈ ।

www.AKJ.Org

ਸਵਾਲ ਇਹ ਹੈ ਕਿ ਰੋਗੀ ਜਦੋਂ ਰੋਗ ਤੋਂ ਦੁਖੀ ਹੋ ਕੇ ਤੜਫਦਾ ਹੈ, ਉਦੋਂ ਹੀ ਉਸ ਨੂੰ ਰੋਗ ਮਿਟਣ ਲਈ ਮਨ ਵਿਚ ਖ਼ਾਹਸ਼ ਹੁੰਦੀ ਹੈ। ਭਾਵ ਪਹਿਲਾਂ ਤਾਂ ਸਾਨੂੰ ਇਹ ਅਹਿਸਾਸ ਹੋਵੇ ਕਿ ਅਸੀਂ ਰੋਗੀ ਹਾਂ, ਅਹਿਸਾਸ ਨਹੀਂ ਪੀੜ ਹੋਵੇ, ਦਰਦ ਹੋਵੇ ਕਿ ਅਸੀਂ ਰੋਗੀ ਹਾਂ।

ਫਿਰ ਅਸੀਂ ਭਾਲ ਕਰੀਏ ਸੁਚਜ ਡਾਕਟਰ ਦੀ। ਆਂਢ-ਗੁਆਂਢ, ਮਿਤਰ ਸਜਨ ਵਖੋ ਵਖਰੇ ਡਾਕਟਰ ਤਜਵੀਜ਼ ਕਰਦੇ ਹਨ। ਪਰ ਗੁਰੂ ਦੇਵ ਇਹਨਾਂ ਡਾਕਟਰਾਂ ਦਾ ਸਭ ਤੋਂ ਸ਼ਰੋਮਣੀ ਡਾਕਟਰ ਹੈ। ਅੰਮ੍ਰਿਤ ਵਰਗੀ ਦਵਾਈ, ਮੇਰਾ ਈਮਾਨ ਹੈ, ਮੇਰਾ ਨਿਸਚਾ ਹੈ, ਹਰ ਪ੍ਰਾਣੀ ਨੂੰ ਮਿਲਨੀ ਹੈ। ਪਰ ਸਮਾਂ ਆਉਣ ਤੇ। ਇਸ ਤੋਂ ਪਹਿਲਾਂ ਤਾਂ ਭਟਕਣਾ ਹੀ ਪੈਂਦਾ ਹੈ। ਕਈਆਂ ਨੂੰ ਇਕ ਜਨਮ ਤੇ ਕਈਆਂ ਨੂੰ ਕਈ ਜਨਮ। ਆਉਣਾ ਇਸੇ ਵੈਦ ਕੋਲ ਹੀ ਹੈ। "ਅਨੇਕ ਜੂਨੀ ਭਰਮਿ ਆਵੈ, ਵਿਣ ਸਤਿਗੁਰ ਮੁਕਤ ਨ ਪਾਏ" ਦਾ ਮਹਾਂ ਵਾਕ ਸੰਕੇਤ ਕਰ ਰਿਹਾ ਹੈ। ਵਡੇ ਭਾਗ ਹੁੰਦੇ ਹਨ ਜਦੋਂ ਇਸ ਡਾਕਟਰ ਦੇ ਰਾਜ਼ੀ ਕੀਤੇ ਮਰੀਜ਼ਾਂ ਦੀ ਸੰਗਤ ਲਭ ਜਾਏ। ਉਹ ਤੰਦਰੁਸਤ ਹੋਏ ਹੋਏ ਅਧਾ ਦੁਖ ਤਾਂ ਆਪਣੀ ਛੁਹ ਨਾਲ ਹੀ ਨਿਬੇੜ ਸਕਦੇ ਹਨ। ਜਿਵੇਂ :—

ਅਹੰਬੁਧਿ ਮਨ ਪੂਰਿ ਥਿਧਾਈ ।
ਸਾਧ ਧੂਰਿ ਕਰਿ ਸੁਧ ਮੰਜਾਈ ॥

(ਪੰਨਾ ੨੦੦)

ਭਾਵ ਜਿਹੜਾ ਮਨ ਹੰਕਾਰ ਦੀ ਥਿੰਧਾਈ (ਚਿਕਨਾਹਟ) ਨਾਲ ਭਰਿਆ ਪਿਆ ਹੈ ਉਹ ਸਾਧ ਸੰਗਤ ਦੀ ਚਰਨ ਧੂੜੀ ਨਾਲ ਸੋਹਣੀ ਤਰ੍ਹਾਂ ਮਾਂਜੀਦਾ ਹੈ। ਬਾਕੀ ਦਾ ਦੁਖ-ਰੋਗ, ਵੈਦ-ਗੁਰੂ ਕੋਲ ਪੂਰਨ-ਸਿਦਕ ਨਾਲ ਨਾਮ ਅਉਖਧ (ਸੰਜਮ ਪ੍ਰਹੇਜ਼ ਨਾਲ) ਖਾਦਿਆਂ ਆਰਾਮ ਆਉਣਾ ਸ਼ੁਰੂ ਹੁੰਦਾ ਹੈ, ਜਦੋਂ ਆਰਾਮ ਆਉਣਾ ਸ਼ੁਰੂ ਹੁੰਦਾ ਹੈ ਉਦੋਂ ਤੰਦਰੁਸਤ ਹੋਏ ਹੋਏ ਦਸਦੇ ਹਨ ਕਿ ਇਹ ਇਲਾਮਤਾਂ ਹੁੰਦੀਆਂ ਹਨ :—

1. ਰੋਗੀ ਭੁਲ ਜਾਂਦਾ ਹੈ ਕਿ ਇਹ ਡਾਕਟਰ 18ਵੀਂ ਸਦੀ ਦਾ ਹੈ ਤੇ ਇਸ ਦੇ ਦਸੇ ਸੰਜਮ ਪੁਰਾਣੇ ਹਨ। ਨਾ ਉਸ ਨੂੰ ਉਸ ਦੀ ਦਸੀ ਦਵਾਈ ਤੇ ਕਿੰਤੂ, ਨਾ ਉਸਦੇ ਦਸੇ ਪਰਹੇਜ਼ਾਂ ਦੀ ਉਹ ਪੁਛ-ਪੜਤਾਲ ਕਰਦਾ ਹੈ। ਉਹ ਤਾਂ ਜਿਵੇਂ ਡਾਕਟਰ ਕਹਿੰਦਾ ਹੈ, ਉਵੇਂ ਦਵਾਈ ਸਮੇਂ ਸਿਰ ਖਾਈ ਜਾਂਦਾ ਹੈ।

www.AKJ.Org

ਵਧ ਤੋਂ ਵਧ ਪ੍ਰਹੇਜ਼ ਰਖਦਾ ਹੈ। ਉਸ ਨੂੰ ਇਹ ਇਹ ਸਮਝ ਆ ਜਾਂਦੀ ਹੈ ਕਿ ਹੁਣ ਉਹ ਅਤੇ ਉਸਦਾ ਡਾਕਟਰ ਸਮੇਂ ਦੇ ਚਕਰ ਤੋਂ ਨਿਕਲ ਗਏ ਹਨ।

"ਸਚ ਪੁਰਾਣਾ ਨ ਥੀਏ" ॥

2. ਉਸਦਾ ਮਨ ਨਿਰਮਲ, ਤੇ ਨਿਰਕਪਟ ਬਣੀ ਜਾਂਦਾ ਹੈ, ਅੰਦਰ ਸੂਛਤਾ ਪਰਵੇਸ਼ ਕਰਨ ਕਰਕੇ ਮਨ ਦੀ ਆਪਣੀ ਮਤ ਦਵਾਈ ਦੇ ਅਸਰ ਹੇਠ ਸਦਾ ਲਈ ਸੌ ਜਾਂਦੀ ਹੈ। ਮਨ ਹੁਣ ਭਜਦਾ ਨਹੀ, ਦੌੜਦਾ ਨਹੀਂ, ਨਾ ਡਾਕ-ਟਰ ਦੇ ਦਸੇ ਪਰਹੇਜਾਂ (ਰਹਿਤ) ਤੇ ਨੁਕਤਾ ਚੀਨੀ ਕਰਦਾ ਹੈ। ਉਸ ਵਿਚ ਨਿਮਰਤਾ ਤੇ ਰਜ਼ਾ ਵਿੱਚ ਰਹਿਣਾ ਇਹ ਦੋ ਨਵੀਆਂ ਸਹਤ ਦੀਆਂ ਅਲਾਮਤਾ ਜ਼ਾਹਰ ਹੁਦੀਆਂ ਹਨ।

3. ਪਰ ਅਜ ਦਵਾਈ (ਅੰਮ੍ਰਿਤ-ਨਾਮ) ਖਾਣੀ ਪੈਂਦੀ ਹੈ ਜਿੰਨਾ ਚਿਰ ਡਾਕਟਰ ਖੁਸ਼ ਹੋ ਕੇ ਆਪਣੇ ਗਲ ਨਾ ਲਗਾ ਲਵੇ। ਉਨ ਦੀ ਸ਼ੁਭ ਦ੍ਰਿਸ਼ਟ ਮਰੀਜ਼ ਨੂੰ ਖੇੜਾ ਬਖਸ਼ਦੀ ਹੈ।

4. ਫਿਰ ਉਚਾ ਹੋਇਆ ਹੋਇਆ ਮਨ ਜਿਧਰ ਵੇਖਦਾ ਹੈ:

"ਜੋ ਦੀਸੈ ਸੋ ਤੇਰਾ ਰੂਪ ॥"

ਮਨ ਦਾ ਭੁਲੇਖਾ ਨਿਕਲ ਜਾਂਦਾ ਹੈ। ਦਵਾਈ ਖਾਣ ਤੋਂ ਪਹਿਲਾਂ ਮਨ ਸੋਚਦਾ ਸੀ ਕਿ ਐਵੇਂ ਕੀ ਬੰਧਨਾ (ਰਹਿਤ ਤੇ ਅੰਮ੍ਰਿਤ ਦੇ) ਵਿੱਚ ਪੈਣਾ ਹੈ। ਅਸੀਂ ਮਨੁਖ ਹਾਂ ਚੰਗੇ ਹਾਂ। ਮਾਨਵ-ਧਰਮ ਹੀ ਚੰਗਾ ਹੈ। ਪਰ ਦਵਾਈ ਖਾ ਕੇ, ਅਰੋਗ ਹੋ ਕੇ ਪਤਾ ਲਗਾ ਕਿ ਮਾਨਵ ਧਰਮ ਤਾ ਰੋਗੀ ਮਨੁਖਾ ਦਾ ਟੋਲਾ ਹੈ ਤ ਤੰਗਦਿਲ ਹੋਣ ਕਰਕੇ ਨੀਮਤ ਹੈ। ਜਿਨ੍ਹਾਂ ਚਿਰ ਮਨੁਖ ਅਰੋਗ ਨਹੀਂ ਹੁੰਦਾ ਮਾਨਵ-ਧਰਮ ਭੀ ਰੋਗੀ ਹੀ ਰਹੇਗਾ। ਰੋਗੀ ਦੂਜੇ ਰੋਗੀ ਨੂੰ ਰੋਗੀ ਤਾਂ ਬਣਾ ਸਕਦਾ ਹੈ ਤੰਦਰੁਸਤ ਨਹੀਂ।

ਉਸ ਮਹਾਨ ਸ਼੍ਰੋਮਣੀ ਵੈਦ-ਗੁਰੂ ਦੇ ਹਸਪਤਾਲ ਵਿਚ ਦਾਖਲ ਹੋਣ ਨੂੰ ਅੰਮ੍ਰਿਤ-ਪਾਨ ਕਰਨਾ ਆਖਦੇ ਹਨ। ਉਹ ਡਾਕਟਰ ਤੁਹਾਨੂੰ ਮਜ਼ਬੂਰ ਨਹੀਂ ਕਰਦਾ ਦਾਖਲੇ ਲਈ, ਤੁਹਾਡੀ ਖੁਸ਼ ਕਿਸਮਤੀ ਹੈ ਜੇ ਦਾਖਲਾ ਮਿਲ ਜਾਏ। ਦਾਖਲਾ ਫੀਸ ਤੇ ਇਲਾਜ ਫੀਸ ਵਖੋ ਵਖਰੇ ਹਨ ਜੋ ਹਰ ਰੋਗੀ ਨੂੰ ਦੇਣੀ ਪੈਂਦੀ ਹੈ।

www.AKJ.Org

ਦਾਖਲੇ ਫੀਸ ਦਾ ਸੰਕੇਤ ਗੁਰਬਾਣੀ ਵਿਚ ਇਉਂ ਦਿਤਾ ਹੈ :

੧. ਪਹਿਲਾ ਮਰਣੁ ਕਬੂਲਿ, ਜੀਵਣ ਕੀ ਛਡਿ ਆਸ ।
ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸ ॥ (1102)

੨. ਜਉ ਤਉ ਪ੍ਰੇਮ ਖੇਲਣ ਕਾ ਚਾਉ ।
ਸਿਰ ਧਰਿ ਤਲੀ ਗਲੀ ਮੇਰੀ ਆਉ ॥
ਇਤੁ ਮਾਰਗਿ ਪੈਰੁ ਧਰੀਜੈ । ਸਿਰ ਦੀਜੈ ਕਾਣਿ ਨ ਕੀਜੈ ॥ (੧੪੧੨)

੩. ਬੇਢੀ ਪ੍ਰੀਤਿ ਮਜੂਰੀ ਮਾਂਗੈ, ਜਉ ਕੋਊ ਛਾਨਿ ਛਵਾਵੈ ਹੋ,
ਲੋਗ ਕੁਟੰਬ ਸਭਹੁ ਤੇ ਤੋਰੈ ਤਉ ਆਪਨ ਬੇਢੀ ਆਵੈ ਹੋ ॥ (ਪੰਨਾ 657)

੪, ਤਨੁ ਮਨੁ ਧਨੁ ਸਭ ਸਉਪਿ ਗੁਰ ਕਉ,
ਹੁਕਮਿ ਮੰਨਿਐ ਪਾਈਐ ॥ (ਅਨੰਦ ਸਾਹਿਬ)

੫. ਛਾਡਿ ਸਿਆਨਪ ਬਹੁ ਚਤੁਰਾਈ,
ਗੁਰ ਪੂਰੇ ਕੀ ਟੇਕ ਟਿਕਾਈ ॥ (ਪੰਨਾ 190)

੬. ਪ੍ਰਥਮੇ ਤਿਆਗੀ ਹਉਮੈਂ ਪ੍ਰੀਤਿ ॥
ਦੁਤੀਆ ਤਿਆਗੀ ਲੋਗਾ ਰੀਤਿ ॥ (370)

ਦੁਰਾਨੇ-ਇਲਾਜ ਫੀਸ ਅਤੇ ਸੰਜਮਾਂ ਦਾ ਜ਼ਿਕਰ ਇਉਂ ਕੀਤਾ ਗਿਆ ਹੈ :

ਗੁਰ ਸਤਿਗੁਰ ਜੋ ਸਿਖੁ ਅਖਾਏ ।
ਸੋ ਭਲਕੇ ਉਠਿ ਹਰਿ ਨਾਮੁ ਧਿਆਵੈ ॥
ਉਦਮੁ ਕਰੇ ਭਲਕੇ ਪਰਭਾਤੀ ਇਸਨਾਨੁ ਕਰੇ ਅੰਮ੍ਰਿਤਸਰਿ ਨਾਵੈ ॥
ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ ਸਭ ਕਿਲਵਿਖ ਪਾਪ ਦੋਖ ਲਹਿ ਜਾਵੈ ॥
ਫਿਰ ਚੜੈ ਦਿਵਸੁ ਗੁਰਬਾਣੀ ਗਾਵੈ ।
ਬਹਿੰਦਿਆਂ ਉਠਦਿਆਂ ਹਰਿ ਨਾਮੁ ਧਿਆਵੇ ॥
ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ
ਸੋ ਗੁਰਸਿਖ ਗੁਰੂ ਮਨਿ ਭਾਵੈ ॥
ਜਿਸਨੋ ਦਇਆਲੁ ਹੋਵੈ ਮੇਰਾ ਸੁਆਮੀ ਤਿਸੁ ।
ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥

www.AKJ.Org

ਫਿਰ ਡਾਕਟਰ ਉਸ ਅਰੋਗ ਹੋਈ ਰੂਹ ਨੂੰ ਹੋਰਨਾਂ ਨੂੰ ਅਰੋਗਤਾ ਵਲ ਪ੍ਰੇਰਨ ਦਾ ਕੰਮ ਸੌਂਪਦਾ ਹੈ। ਇਥੇ ਪੁਜ ਕੇ ਫੀਸਾਂ ਮੁਕ ਜਾਂਦੀਆਂ ਹਨ।

ਜਨ ਨਾਨਕ ਧੂੜਿ ਮੰਗੈ ਤਿਸ ਗੁਰਸਿਖ ਕੀ
ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ (305-306)

ਸਾਧ ਸੰਗ ਤਾਕੀ ਸਰਨੀ ਪਰਹੁ । ਮਨੁ ਤਨੁ ਅਪਨਾ ਆਗੈ ਧਰਹੁ ॥
ਅੰਮ੍ਰਿਤ ਨਾਮੁ ਪੀਵਹੁ ਮੇਰੇ ਭਾਈ । ਸਿਮਰ ਸਿਮਰ ਤਪਤ ਬੁਝਾਈ॥

ਪਰਹੇਜ਼ ਰਖਣ ਲਈ ਭੀ ਤਾਕੀਦ ਹੁੰਦੀ ਹੈ :—

ਗਉੜੀ ਮਹਲਾ ੫

ਰਾਮ ਰੰਗ ਕਦੇ ਉਤਰਿ ਨ ਜਾਇ ॥
ਗੁਰੁ ਪੂਰਾ ਜਿਸ ਦੇਇ ਬੁਝਾਇ ॥ ੧ ॥
ਹਰਿ ਰੰਗ ਰਾਤਾ ਸੋ ਮਨ ਸਾਚਾ ॥ ਲਾਲ ਰੰਗ ਪੂਰਨ ਪੁਰਖ ਬਿਧਾਤਾ ॥
ਸੰਤਹ ਸੰਗਿ ਬੈਸ ਗੁਨ ਗਾਇ । ਤਾ ਕਾ ਰੰਗੁ ਨ ਉਤਰੈ ਜਾਇ ॥ ੨ ॥
ਬਿਨ ਹਰਿ ਸਿਮਰਨ ਸੁਖ ਨਹੀਂ ਪਾਇਆ ॥ ਆਨ ਰੰਗ ਫੀਕੇ ਸਭ ਮਾਇਆ ॥੩॥
ਗੁਰਿ ਰੰਗੇ ਸੇ ਭਏ ਨਿਹਾਲ । ਕਹੁ ਨਾਨਕ ਗੁਰ ਭਏ ਹੈ ਦਇਆਲ ॥ ੪ ॥
(ਪੰਨਾ-੧੯੪)

ਬਸ ਫ਼ਿਰ ਕੀ ਹੁੰਦਾ ਹੈ ? ਰੋਗੀ ਆਰੋਗ ਹੋ ਜਾਂਦਾ ਹੈ। ਉਸਦੇ ਭਰਮ ਅਤੇ ਸਾਰੇ ਸ਼ੰਕੇ ਖਤਮ ਹੋ ਜਾਂਦੇ ਹਨ। ਪਰ ਜਿਤਨਾ ਚਿਰ ਸਾਡੇ ਅੰਦਰ ਭਰਮ ਤੇ ਸ਼ੰਕੇ ਉਠਦੇ ਹਨ, ਇਹ ਸਮਝਨਾ ਚਾਹੀਦਾ ਹੈ ਕਿ ਅਸੀਂ ਰੋਗੀ ਹਾਂ, ਫਿਰ ਜਤਨ ਕਰੀਏ ਤੇ ਸਚੇ ਵੈਦ ਕੋਲ ਪੁਜੀਏ।

ਮੁਕਦੀ ਗਲ ਇਹ ਹੈ ਕਿ ਇਸ ਲੇਖ ਦੇ ਅਰੰਭ ਵਿਚ ਜਿਨ੍ਹਾਂ ਪ੍ਰਸ਼ਨਾਂ ਦਾ ਜ਼ਿਕਰ ਕੀਤਾ ਹੈ ਉਸ ਤੋਂ ਇਕ ਹੋਰ ਗਲ ਸਪਸ਼ਟ ਹੋ ਆਉਂਦੀ ਹੈ ਕਿ ਹੁਣ ਤਾਂ ਸਿਖ ਭੀ ਦੋ ਪ੍ਰਕਾਰ ਦੇ ਹੋ ਗਏ ਜਾਪਦੇ ਹਨ। ਇਕ ਤਾਂ ਉਹ ਜੋ ਗੁਰੂ ਸਚੇ ਪਾਤਸ਼ਾਹ ਦੇ ਹੁਕਮਾਂ ਦੀ ਪਾਲਨਾ ਬਿਨਾਂ ਕਿਸੇ ਸ਼ਰਤਦੇ ਕਰਦੇ ਹਨ। ਉਹਨਾਂ ਦਾ ਤਨ ਮਨ ਧਨ ਸਭ ਗੁਰੂ ਦੇ ਅਰਪਨ ਹੋ ਚੁਕਾ ਹੁੰਦਾ ਹੈ। ਪਰ ਦੂਜੀ ਕਿਸਮ ਦੇ ਸਿਖ, ਨਵੀਨ ਪਛਮੀ ਸਿਖਿਆ ਦੇ ਪ੍ਰਭਾਵ ਹੇਠ ਆਏ ਉਹਨਾਂ ਦੀ ਹੈ।

www.AKJ.Org

ਜੋ ਕਹਾਉਂਦੇ ਤਾਂ ਸਿਖ ਹਨ ਪਰ ਸਿਖ ਬਣਨ ਵਿਚ ਆਪਣੀਆਂ ਮਨਘੜਤ ਸ਼ਰਤਾਂ ਰਖਦੇ ਹਨ। ਅੰਮ੍ਰਿਤ ਤੋਂ ਸੰਕੋਚ ਕਰਨਾ, ਗੁਰਮਤਿ ਬਿਬਰਜਿਤ ਕੁਕਰਮ ਕਰਨੇ ਆਦਿ, ਉਹਨਾਂ ਦੀਆਂ ਅਪਣੀਆਂ ਹੀ ਸ਼ਰਤਾਂ ਹਨ। ਇਥੇ ਇਹ ਪ੍ਰਸ਼ਨ ਪੁਛਨਾ ਅਯੋਗ ਨਹੀਂ ਹੋਵੇਗਾ ਕਿ ਕੀ ਅਸੀਂ ਸਿਖੀ ਆਪਣੀਆਂ ਸ਼ਰਤਾਂ ਤੇ ਧਾਰਨ ਕਰਨੀ ਹੈ ਜਾਂ ਗੁਰੂ ਦਸਮੇਸ਼ ਦੀਆਂ ਸ਼ਰਤਾਂ ਤੇ ?

... ... ... ... ...

# ਵਿਵਾਹ

ਕੈਪਟਨ ਬਚਿਤਰ ਸਿੰਘ ਜੀ ਦੀ ਸਪੁਤਰੀ ਬੀਬੀ ਹਰਵਿੰਦਰ ਕੌਰ ਜੀ ਦਾ ਸ਼ੁਭ ਵਿਵਾਹ 9 ਮਈ 1971 ਨੂੰ ਕਾਕਾ ਕੁਲਜੀਤ ਸਿੰਘ ਜੀ ਨਾਲ ਪੂਰਨ ਗੁਰ ਮਰਯਾਦਾ ਅਨੁਸਾਰ ਹੋਇਆ। ਕੈਪਟਨ ਸਾਹਿਬ ਦਸ ਦਮੜੇ ਸੂਰੇ ਨੂੰ ਸਹਾਇਤਾ ਵਜੋਂ ਭੇਜਦੇ ਹਨ।

www.AKJ.Org

# ਆਪ ਨੂੰ ਏਹ ਅਰਥ ਆਉਂਦੇ ਹਨ ?

*(ਉਤਰਾਂ ਲਈ ਦੇਖੋ ਸਫਾ 45)*

1. ਗਰੜ ... ਘਸਿ ਗਰੁੜ ਸਬਦ ਮੁਖਿ ਲੀਨਾ ।
2. ਛਕੇ ... ਜਿਨਾਂ ਗੁਰਬਾਣੀ ਮਨਿ ਭਾਈਆ ਅੰਮ੍ਰਿਤਿ ਛਕਿ ਛਕੇ ।
3. ਤੁਲਾ ... ਤੁਲਾ ਧਾਰ ਤੋਲੇ ਸੁਖ ਸਗਲੇ ਬਿਨੁ ਹਰਿ ਦਰਸ ਸਭੋ ਹੀ ਥੋਰਾ ।
4. ਦੰਮਾ ਦੰਮ ... ਮਾਇਆ ਮਨਹੁ ਨਾ ਵੀਸਰੈ ਮਾਂਗੈ ਦੰਮਾਂ ਦੰਮ ।
5. ਨੀਸੀ ਛੰਦਾ ... ਯਾਰ ਵੇ ਪਿਰੁ ਆਪਣਾ ਭਾਣਾ ਕਿਛੁ ਨੀਸੀ ਛੰਦਾ ।
6. ਨਿਝਰੁ ... ਨਿਝਰੁ ਝਰੈ ਸਹਜ ਧੁਨਿ ਲਾਗੈ ਘਰ ਹੀ ਪਰਚਾ ਪਾਈਐ ।
7. ਪਰਚਾ ... ,, ,, ,, ,,
8. ਸੰਤਾਪ ... ਦੂਖ ਰੋਗ ਸੰਤਾਪ ਉਤਰੇ ਸੁਣੀ ਸਚੀ ਬਾਣੀ ।
9. ਲੁਹਿ ਲੁਹਿ ... ਤਪਿ ਤਪਿ ਲੁਹਿ ਲੁਹਿ ਹਾਥ ਮਰੋਰਉ ।
10. ਦਿਵਾਜਾ ... ਅਵਰਿ ਦਿਵਾਜੇ ਦੁਨੀ ਕੇ ਝੂਠੇ ਅਮਲ ਕਰੇਹੁ ।
11. ਪਰੀਲਾ ... ਮਿਲਬੇ ਕੀ ਮਹਿਮਾ ਬਰਨਿ ਨ ਸਾਕਉ ਨਾਨਕ ਪਰੈ ਪਰੀਲਾ ।
12. ਪੁਰਬਾਇਆ ... ਨਾਮ ਲੈਤ ਸਗਲ ਪੁਰਬਾਇਆ ।



www.AKJ.Org

# ਕੁਮਾਰ ਹਟੀ ਸਮਾਗਮ ਦੇ ਸਮਾਚਾਰ

(ਸ਼ਹੀਦਾਂ ਦੇ ਸਿਰਤਾਜ, ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸ਼ਹੀਦੀ ਗੁਰਪੁਰਬ ਦੇ ਅਲੌਕਿਕ ਦਰਸ਼ਨ)

''ਮਿਲਬੇ ਕੀ ਮਹਿਮਾ ਬਰਨ ਨ ਸਾਕਉ, ਨਾਨਕ ਪਰੈ ਪਰੀਲਾ ।''

ਅਗੇ ਵਾਂਗ, ਗੁਰੂ ਪਿਆਰੇ ਗੁਰੂ ਸਵਾਰੇ, ਨਾਮ ਰਸੀਏ, ਕੁਰਬਾਨੀ ਦੇ ਪੁੰਜ, ਸ੍ਰੀ ਮਾਨ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਤਪ ਅਸਥਾਨ ਤੇ, ਉਨ੍ਹਾਂ ਦੀ ਯਾਦ ਵਿਚ ਉਨ੍ਹਾਂ ਦੇ ਮਿਤਰ ਪਿਆਰੇ, ਦੂਰ ਦੂਰ ਤੋਂ ਵਹੀਰਾਂ ਪਾਕੇ ਇਸ ਬੇਮਿਸਾਲ ਕੁਰਬਾਨੀ ਦੇ ਗੁਰਪੁਰਬ ਨੂੰ ਮਨਾਉਣ ਲਈ 25,26,27 ਤੇ 28 ਮਈ 1971 ਨੂੰ ਕੁਮਾਰ ਹੱਟੀ ਪੁਜੇ । ਇਸ ਪਵਿਤਰ ਗੁਰਦਵਾਰੇ ਵਿਚ ਭਾਈ ਸਾਹਿਬ ਜੀ ਨੇ ਕਈ ਸਾਲ ਗਰਮੀ ਦੀ ਰੁਤ ਵਿਚ, ਸਿਮਰਨ ਅਭਿਆਸ ਕਮਾਈ ਕਰਕੇ ਗੁਰੂ ਜੀ ਦੀ ਬਖਸ਼ਸ ਦਾ ਸਦਕਾ, ਆਤਮਕ ਅਵਸਥਾ ਨੂੰ ਗੁਰਬਾਣੀ ਦੇ ਅਧਾਰ ਤੇ ਗੁਰੂਬਾਣੀ ਦੀ ਵਿਆਖਿਆ ਕਰਕੇ ਪੁਸਤਕਾਂ ਲਿਖੀਆਂ ਹਨ : ਜੋਤ ਵਿਗਾਸ. ਦਸਮ ਦੁਆਰ, ਗੁਰਮਤ ਨਾਮ ਅਭਿਆਸ ਕਮਾਈ ਆਦਿ । ਭਾਈ ਸਾਹਿਬ ਇਹ ਪੁਸਤਕਾਂ ਲਿਖਕੇ ਖਾਲਸਾ ਪੰਥ ਦੀ ਬਹੁਤ ਵਡੀ ਸੇਵਾ ਕਰ ਗਏ ਹਨ ।

ਇਸ ਜਥੇ ਦੇ ਸਿੰਘ ਤੇ ਬੀਬੀਆਂ ਸ੍ਰੀ ਅੰਮ੍ਰਿਤਸਰ ਜੀ, ਜਲੰਧਰ, ਲੁਧਿਆਣਾ, ਪਟਿਆਲਾ, ਅੰਬਾਲਾ, ਚੰਦੀਗੜ੍ਹ, ਦਿਲੀ, ਗਵਾਲੀਅਰ, ਕੋਟਾ, ਪੂਨਾ, ਕਾਨਪੁਰ ਸ਼ਿਮਲਾ ਤੇ ਹੋਰ ਕਈ ਥਾਵਾਂ ਤੋਂ ਬੜੇ ਚਾਉ ਤੇ ਉਤਸ਼ਾਹ ਵਿਚ ਹਾਜ਼ਰੀ ਭਰ ਰਹੀਆਂ ਸਨ, 25 ਮਈ ਸ਼ਾਮ ਨੂੰ ਸੋਦਰ ਦਾ ਦੀਵਾਨ ਸਜਿਆ ਤੇ ਉਪਰੰਤ 9-30 ਵਜੇ ਤਕ ਕੀਰਤਨ ਹੋਇਆ ।

*ਅਖੰਡ ਪਾਠ*

26 ਤਰੀਕ ਸਵੇਰੇ 5—8 ਕੀਰਤਨ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਅਖੰਡ ਪਾਠ ਅਰੰਭ ਹੋਇਆ ਜਿਸ ਵਿਚ ਬੇਅੰਤ ਅਖੰਡ ਪਾਠੀਆਂ ਤੇ



www.AKJ.Org

ਜਪੁਜੀ ਸਾਹਿਬ ਦੇ ਪਾਠੀਆਂ ਨੇ ਹਿਸਾ ਪਾਇਆ ।

ਸ਼ਾਮ ਦਾ ਦੀਵਾਨ, ਸੋਦਰ ਦਾ ਪਾਠ ਤੇ ਕੀਰਤਨ ਗੁਰਦਵਾਰੇ ਸਾਹਿਬ ਦੇ ਪਾਸ ਵਾਲੇ ਮੈਦਾਨ ਵਿਚ 7—9-30 ਵਜੇ ਤਕ ਹੋਇਆ । 26 ਤਰੀਕ ਮਧ ਪਾਠ ਦੀ ਅਰਦਾਸ ਉਪਰੰਤ ਜਥੇ ਨੇ ਡਗਸ਼ਈ ਗੁਰਦਵਾਰੇ ਪੁਜਕੇ, ਬਾਰਾਂ ਵਜੇ ਤਕ ਮਨੋਹਰ ਕੀਰਤਨ ਕਰਕੇ, ਸੰਗਤਾਂ ਨੂੰ ਨਿਹਾਲ ਕੀਤਾ । ਸ਼ਾਮ ਨੂੰ ਸੋਦਰ ਦੇ ਦੀਵਾਨ ਲਈ ਪਬਲਿਕ ਸਕੂਲ ਡਗਸ਼ਈ ਦੇ ਪ੍ਰਬੰਧਕਾਂ ਨੇ ਪ੍ਰਬੰਧ ਕੀਤਾ ਸੀ ਤੇ 7—9 ਕੀਰਤਨ ਹੋਇਆ । ਇਥੇ ਇਹ ਗਲ ਖਾਸ ਵਰਨਣ ਯੋਗ ਹੈ ਕਿ ਦਾਤਾ ਦੀ ਕ੍ਰਿਪਾ ਦਾ ਸਦਕਾ ਇਸ ਸਕੂਲ ਦੇ ਮੈਨੇਜਿੰਗ ਡਾਇਰੈਕਟਰ ਸਰਦਾਰ ਰਘਬੀਰ ਸਿੰਘ ਜੀ ਬੀਰ (ਜੋ ਪੰਥ ਦੇ ਮਸ਼ਹੂਰ ਵਿਦਵਾਨ ਹਨ) ਨੇ ਧਾਰਮਕ ਵਿਦਿਆ ਦਾ, ਵਿਦਿਆਰਥੀਆਂ ਲਈ ਬਹੁਤ ਸੋਹਣਾ ਪ੍ਰਬੰਧ ਕੀਤਾ ਹੋਇਆ ਹੈ । ਹਰ ਇਕ ਵਿਦਿਆਰਥੀ ਸਾਫ ਪੁਸ਼ਾਕ ਪਾ ਕੇ ਗੁਰਦੁਵਾਰੇ ਪੁਜਾ ਹੋਇਆ ਸੀ । 'ਬੀਰ' ਜੀ, ਮੇਜਰ ਜੈਮਲ ਸਿੰਘ ਪ੍ਰਿੰਸਪਲ ਤੇ ਹੋਰ ਅਧਿਆਪਕ ਵੀ ਪੁਜੇ ਹੋਏ ਸਨ । ਸੋਦਰ ਦਾ ਸਾਰਾ ਪਾਠ ਸਾਰੇ ਭੁਜੰਗੀਆਂ ਨੇ ਵਾਜੇ, ਜੋੜੀ ਤੇ ਚਿਮਟੇ ਦੀ ਧੁਨੀ ਵਿਚ ਕੀਰਤਨ ਕਰਕੇ ਕੀਤਾ ਤੇ ਪਿਛੋਂ ਜੱਥੇ ਦੇ ਕੀਰਤਨ ਵਿਚ ਵੀ ਉਹ ਸ਼ਾਮਲ ਹਏ । ਇਹ ਦਿਸ ਰਿਹਾ ਸੀ ਕਿ ਉਹ ਬਹੁਤ ਹੀ ਰੰਗ ਮਾਣ ਰਹੇ ਸਨ । ਰਾਤ ਦੇ ਇਕ ਵਜੇ, ਹੋਰ ਸਾਰੇ ਇਲਾਕੇ ਵਾਂਗ ਇਥੇ ਵੀ ਬੜਾ ਝਖੜ ਆਇਆ, ਗੜੇ ਤੇ ਬਾਰਸ਼ ਹੋਈ ਪਰ ਉਸ ਦਾਤਾਰ ਦੀ ਮੇਹਰ ਦਾ ਸਦਕਾ ਅਖੰਡ ਪਾਠ ਵਿਚ ਕੋਈ ਵਿਘਨ ਨ ਪਿਆ ਤੇ ਸਵੇਰੇ ਸਭ ਸੰਗਤਾਂ ਇਸ਼ਨਾਨ ਕਰਕੇ ਪੰਜ ਵਜੇ ਦੇ ਕਰੀਬ, ਅਖੰਡ ਪਾਠ ਦੇ ਭੋਗ ਤੇ ਗੁਰਦਵਾਰੇ ਵਿਚ ਹਾਜ਼ਰ ਹੋਈਆਂ । ਭੋਗ ਤੋਂ ਉਪਰੰਤ ਕੀਰਤਨ ਅਰੰਭ ਹੋਇਆ । ਕੀਰਤਨਿਆਂ ਦੇ ਚੇਹਰਿਆਂ ਦੀ ਲਾਲ਼ੀ ਤੋਂ ਭਾਸਦਾ ਸੀ ਕਿ ਉਹ ਕਿਸੇ ਚਾਉ ਤੇ ਵੈਰਾਗ ਵਿਚ ਗੁਰੂ ਅਰਜਨ ਦੇਵ ਜੀ ਦੀ ਹਜ਼ੂਰੀ ਵਿਚ, ਉਹਨਾਂ ਦੀ ਹੀ ਲਿਖਵਾਈ ਹੋਈ ਬਾਣੀ ਦੇ ਸ਼ਬਦ ਭੇਟ ਕਰਨ ਲਈ ਉਤਾਵਲੇ ਸਨ । ਦੀਵਾਨ ਦਾ ਭੋਗ ਢਾਈ ਵਜੇ ਪਿਆ । ਪੂਰੀ ਕੋਸ਼ਸ਼ ਕਰਨ ਦੇ ਬਾਵਜੂਦ ਵੀ ਵਕਤ ਦਾ ਖਿਆਲ ਰਖਦੇ ਹੋਏ ਕਈ ਜਥਿਆਂ ਨੂੰ ਕੀਰਤਨ ਕਰਨ ਦਾ ਵਕਤ ਨ ਮਿਲ ਸਕਿਆ ਤੇ ਉਹਨਾਂ ਪਾਸੋਂ

www.AKJ.Org

ਖਿਮਾ ਮੰਗਕੇ ਬੇਨਤੀ ਕੀਤੀ ਗਈ ਕਿ ਉਹਨਾਂ ਨੂੰ ਅਗਲੀ ਰਾਤ, ਰੈਣ ਸਬਾਈ (ਜੋ ਡਗਸ਼ਈ ਗੁਰਦਵਾਰੇ ਵਿਚ ਹੋਈ) ਵਿਚ ਖੁਲ੍ਹਾ ਵਕਤ ਦਿਤਾ ਜਾਵੇਗਾ।

### *ਲੰਗਰ*

ਇਸ ਸਾਲ ਲੰਗਰ ਦੇ ਖਰਚ ਦੀ ਸਮੁਚੀ ਸੇਵਾ ਸਤਿਗੁਰੂ ਨੇ ਇਕ ਗੁਰੂ ਘਰ ਦੇ ਟਹਿਲੀਏ ਤੋਂ ਸਿਰ ਤੇ ਹਥ ਰਖਕੇ ਕਰਵਾਈ।

ਦੀਵਾਨ ਦੀ ਸਮਾ-ਤੀ ਤੇ ਸਾਰੀ ਸੰਗਤ ਨੂੰ, ਜੋ ਉਸ ਵਕਤੇ ਹਾਜ਼ਰ ਸੀ, ਬੇਨਤੀ ਕੀਤੀ ਗਈ ਕਿ ਗਰੂ ਕਾ ਲੰਗਰ ਤਿਆਰ ਹੈ, ਅਰ ਸਭ ਮਾਈ ਭਾਈ ਪ੍ਰਸ਼ਾਦ ਛਕ ਕੇ ਛੁਟੀ ਲੈਣ। 28 ਰਾਤ ਨੂੰ ਡਗਸ਼ਈ ਗੁਰਦਵਾਰੇ ਸ਼ਾਮ ਦੇ 8—30 ਤੋਂ ਸਵੇਰੇ 8 ਵਜੇ ਤਕ ਕੀਰਤਨ ਹੋਇਆ।

ਸ੍ਰੀ ਬਾਬੂ ਮਲ ਸਿੰਘ ਜੀ ਨੇ ਸਤਿਗੁਰਾਂ ਦੇ ਚਰਨਾਂ ਵਿਚ ਵੈਰਾਗਮਈ ਤੇ ਦਿਲ ਬੇਦਵੀਂ ਅਰਦਾਸ ਕੀਤੀ। ਉਨ੍ਹਾਂ ਨੇ ਅਰਦਾਸ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਪਰਉਪਕਾਰ, ਤੇ ਉਨ੍ਹਾਂ ਦੀ ਰਹਿਮਤ ਤੇ ਭਾਈ ਸਾਹਿਬ ਰਣਧੀਰ ਸਿੰਘ ਜੀ ਦੀ ਸੇਵਾ ਦਾ ਸਦਕਾ, ਸਾਰੀ ਸੰਗਤ ਲਈ, ਗੁਰੂ ਜੀ ਪਾਸੋਂ, ਗੁਰ ਸੰਗਤ ਦੀ ਸੇਵਾ, ਕੀਰਤਨ ਦਾ ਰਸ ਤੇ ਗੁਰਸਿਖੀ ਦੀ ਦਾਤ ਮੰਗੀ। ਇਹ ਖਾਸ ਬੇਨਤੀ ਕੀਤੀ ਗਈ ਕਿ ਸਾਰੇ ਸਿੰਘਾਂ ਦਾ ਆਪਸ ਵਿਚ ਅਮਾਂ ਜਾਏ, ਭੇਣ ਭਰਾਵਾਂ ਵਾਲਾ ਪਿਆਰ ਹੋਵੇ, "ਹਰਿਨਾਮੇ ਕੇ ਹੋਵੇ ਜੋੜੀ, ਗੁਰਮੁਖ ਬੈਸਹੁ ਸਫਾ ਵਛਾਇ।" ਇਸ ਅਸਥਾਨ ਤੇ ਪਾਣੀ ਦੀ ਘਾਟ ਪੂਰੀ ਕਰਨ ਵਾਸਤੇ ਵੀ ਬੇਨਤੀ ਕੀਤੀ ਗਈ। ਕੁਮਾਰ ਹਟੀ ਵਿਚ ਸਿੰਘਾਂ ਦੀ ਵਸੋਂ ਨਹੀਂ ਹੈ ਤੇ ਸੇਵਾ ਸੰਭਾਲ ਭਾਈ ਸਾਹਿਬ ਬਾਵਾ ਸਿੰਘ ਜੀ ਪਿਆਰ ਸਹਿਤ ਕਰਦੇ ਹਨ। ਸਾਰਿਆਂ ਨ ਉਨ੍ਹਾਂ ਦਾ ਧੰਨਵਾਦ ਕਰਕੇ ਖੁਸ਼ੀਆਂ ਵਿਚ ਚਾਲੇ ਪਾਏ।

### *ਸਿਖਿਆ*

ਇਹੋ ਜਿਹੇ ਸਮਾਗਮਾਂ ਤੇ ਸੰਗਤਾਂ ਦੇ ਦਰਸ਼ਨ ਕਰਕੇ ਇਹ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਸਾਹਿਬ ਜੀ ਤੇ ਉਨ੍ਹਾਂ ਦੀਆਂ ਵਰੋਸਾਈਆਂ ਆਤਮਾਵਾਂ ਆਪ ਆਕੇ ਸਾਰਾ ਪ੍ਰਬੰਧ ਕਰਦੀਆਂ ਹਨ। ਜਿਨ੍ਹਾਂ ਨੇ ਇਸ ਸਮਾਗਮ ਵਿਚ ਕੀਰਤਨ ਦੇ ਰੰਗ ਮਾਣੇ ਹਨ ਉਹ ਹੀ ਦਸ ਸਕਦੇ ਹਨ ਕਿ

www.AKJ.Org

ਕੋਈ ਅਜ਼ਗੈਬੀ ਆਤਮਾਵਾਂ, ਗੁਰਮੁਖਾਂ ਦੇ ਹਿਰਦਿਆਂ ਵਿਚ ਬੈਠਕੇ, ਇਸ ਉਚ ਅਵਸਥਾ ਦਾ ਕੀਰਤਨ ਕਰਵਾਉਂਦੀਆਂ ਹਨ ਜਿਸ ਨੂੰ ਫਿਰ ਫਿਰ ਯਾਦ ਕਰਕੇ ਦਾਤਾਰ ਦਾ ਸ਼ੁਕਰ ਕਰੀਦਾ ਹੈ। ਲੰਗਰ ਦੀ ਸੇਵਾ ਦੇਖਕੇ ਤਾਂ ਬਹੁਤ ਹੈਰਾਨੀ ਹੁੰਦੀ ਸੀ। ਕਿਸੇ ਦੇ ਦਸਣ ਤੋਂ ਬਿਨਾਂ ਖ਼ਾਲਸੇ, ਆਪੇ ਬਉਲੀ ਤੋਂ ਜਲ ਢੋ ਰਹੇ ਹਨ। ਬੀਬੀਆਂ ਲੰਗਰ ਤਿਆਰ ਕਰ ਰਹੀਆਂ ਹਨ। ਵਰਤਾਵੇ ਵਰਤਾਉਣ ਲਈ ਖੜੇ ਹਨ। ਸਾਫ ਨਜ਼ਰ ਆ ਰਿਹਾ ਸੀ ਕਿ "ਸਤਿਗੁਰ ਸਿਖ ਕੀ ਕਰੈ ਪ੍ਰਤਿਪਾਲ, ਸੇਵਕ ਕਉ ਗੁਰ ਸਦਾ ਦਇਆਲ, ਜਹ ਜਹ ਕਾਜ ਕਿਰਤ ਸੇਵਕ ਕੀ ਤਹਾਂ ਤਹਾਂ ਉਠ ਧਾਵੈ।"

ਅਜਮੇਰ ਸਿੰਘ,
ਸਕਤਰ
ਸ੍ਰੀ ਗੁਰੂ ਸਿੰਘ ਸਭਾ ਗੁਰਦਵਾਰਾ,
ਡਗਸ਼ਈ (ਸ਼ਿਮਲਾ ਹਿਲਜ਼)

... ... ... ...


## ਰਿਸ਼ਤੇ ਨਾਤੇ

ਇਕ ਗੁਰਸਿਖ ਬੀਬੀ (ਚੀਮਾ) ਉਮਰ 22 ਸਾਲ, ਮੈਟਰਿਕ ਜੇ. ਬੀ. ਟੀ. ਲਈ ਵਰ ਦੀ ਲੋੜ ਹੈ। ਬੀਬੀ ਇਕ ਸਕੂਲ ਵਿਚ ਟੀਚਰ ਦੀ ਨੌਕਰੀ ਕਰ ਰਹੀ ਹੈ।

ਹਵਾਲਾ ਨੰ: 6


www.AKJ.Org

# ਸ਼ਬਦਾਂ ਦੇ ਅਰਥ

*(ਲੜੀ ਜੋੜਨ ਲਈ ਦੇਖੋ ਸਫਾ 40)*

1, ਸਪ ਦੀ ਜ਼ਹਿਰ ਦੂਰ ਕਰਨ ਵਾਲੀ ਬੂਟੀ

3. ਮਸਤ ਹੋਏ

3. ਤਕੜੀ

4. ਰੁਪੈਏ ਤੇ ਰੁਪੈਏ

5. ਕਿਸੇ ਦੀ ਪਰਵਾਹ ਨਹੀਂ। ਹੇ ਮਿ੍ਤ, ਵਾਹਿਗੁਰੂ ਆਪਣਾ ਭਾਣਾ ਕਰਦਾ ਹੈ, ਉਸ ਨੂੰ ਕਿਸੇ ਦੀ ਪਰਵਾਹ ਨਹੀਂ।

6. ਜਦ ਸਹਿਜ ਦੀ ਧੁਨ ਲਗੇ ਤਾਂ ਅੰਮ੍ਰਿਤ ਝਰਦਾ ਹੈ ਤੇ ਘਰ ਵਿਚ ਹੀ ਤਸੱਲੀ ਪਾਉਂਦਾ ਹੈ। ਨੀਝਰ : ਪਹਾੜ ਤੋਂ ਪਾਣੀ ਡਿਗਣਾ, ਅੰਮ੍ਰਿਤ। ਪਰਚਾ=ਤਸੱਲੀ।

7. ਤਸੱਲੀ

8. ਪੀੜ, ਦੁਖ

9. ਤੜਫ ਤੜਫ। ਜਲ ਜਲ ਕੇ ਤੜਫ ਤੜਫ ਕੇ ਹਥ ਮਰੋੜਦੀ ਹਾਂ।

10. ਦਿਖਾਵੇ

11. ਕਥਨ ਤੋਂ ਬਾਹਰ

12. ਪੁਰਬ, ਤਿਓਹਾਰ



www.AKJ.Org

# ਪਦ-ਛੇਦ ਬੀੜਾਂ ਤੇ ਸ਼੍ਰੋ: ਗੁ: ਪ੍ਰ: ਕਮੇਟੀ।

## ਵਲੋਂ: *ਮਾਸਟਰ ਜਸਵੰਤ ਸਿੰਘ ਜੀ, ਅੰਮ੍ਰਿਤਸਰ।*

ਗੁਰੂ ਗ੍ਰੰਥ ਸਾਹਿਬ ਦੀਆਂ ਪਦ-ਛੇਦ ਬੀੜਾਂ ਛਾਪਣਾ ਇਕ ਮਹਾਨ ਮਨ-ਮਤਿ ਹੈ। ਇਸ ਕਥਨ ਨਾਲ ਮਨ ਮਤੀਏ ਪ੍ਰਕਾਸ਼ਕ ਸਹਿਮਤ ਨਹੀਂ ਹੋ ਸਕਦੇ। ਗੁਰੂ ਸਵਾਰੇ, ਗੁਰਮੁਖ ਪਿਆਰੇ, ਗੁਰੂ ਗ੍ਰੰਥ ਸਾਹਿਬ ਨੂੰ "ਪ੍ਰਤੱਖ ਦੇਹ ਪਾਰ-ਬ੍ਰਹਮ ਸੁਆਮੀ" ਕਰਕੇ ਜਾਣਦੇ ਹਨ ਅਤੇ "ਪ੍ਰਗਟ ਗੁਰਾਂ ਕੀ ਦੇਹ" ਕਰਕੇ ਮੰਨਦੇ ਹਨ। ਇਹ ਵਿਸ਼ਵਾਸ ਨਿਰਾ ਕਥਨੀ ਤਕ ਹੀ ਸੀਮਤ ਨਹੀਂ ਹੋਣਾ ਚਾਹੀਦਾ ਸਗੋਂ ਹਿਰਦੇ ਦੀ ਗਹਿਰਾਈ ਵਿਚ ਇਸਦਾ ਨਿਵਾਸ ਹੋਣਾ ਲੋੜੀਏ ਅਤੇ ਕਰਨੀ ਵਿਚੋਂ ਇਸ ਵਿਸ਼ਵਾਸ ਦੇ ਨਿਵਾਸ ਦਾ ਨਿਕਾਸ ਚਾਹੀਏ। ਭਾਵ ਸਾਡਾ ਰੋਜ਼ਾਨਾ ਜੀਵਨ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਹੁਕਮਾਂ ਅਨੁਸਾਰ ਵੱਧ ਤੋਂ ਵੱਧ ਢਲਣਾ ਤੇ ਚਲਣਾ ਚਾਹੀਦਾ ਹੈ। ਬੇਸ਼ਕ ਪੂਰਾ ਤਾਬਿਆਦਾਰ ਹੋਣਾ ਹਾਰੀ ਸਾਰੀ ਸੰਸਾਰੀ ਲਈ ਅਸੰਭਵ ਹੈ ਪਰ ਭੈ ਭਾਵਨੀ ਵਾਲੇ ਗੁਰਸਿਖਾਂ ਨੇ ਇਸ "ਖ਼ੰਨਿਅਹੁ ਤਿਖੀ, ਵਾਲਹੁ ਨਿਕੀ" ਰਾਹ ਤੇ ਚਲਣ ਲਈ ਤਰਲਾ ਤਾਂ ਮਾਰਨਾ ਹੈ, ਉਪਰਾਲਾ ਕਰੀ ਜਾਣਾ ਹੈ, ਜੋਦੜੀ ਕਰੀ ਜਾਣੀ ਹੈ; ਅਤੇ ਗੁਸਤਾਖ ਅਤੇ ਬੇਅਦਬ ਬਚਿਆਂ ਵਾਂਗ ਗੁਰੂ-ਪਿਤਾ ਵਲੋਂ ਮਿਲੀ ਮਤ ਤੇ ਜੋ ਸਰਬ ਪਖੋਂ ਪੂਰਨ ਹੈ, ਕਿੰਤੂ ਨਹੀਂ ਕਰਨਾ। ਸਾਡੇ ਗੁਰਦੇਵ ਪਿਤਾ ਨੇ ਆਪਣੇ ਪੰਚਮ ਰੂਪ ਵਿਚ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਕਰਕੇ ਸਾਰੇ ਸੰਸਾਰ ਉਤੇ ਇਕ ਮਹਾਨ ਉਪਕਾਰ ਕੀਤਾ। ਕੇਵਲ ਗੁਰੂ ਗ੍ਰੰਥ ਸਾਹਿਬ ਹੀ ਸਾਡੇ ਲਈ ਗੁਰਮਤ ਦਾ ਸੋਮਾ ਹੈ। ਇਸ ਦੀ ਬਾਣੀ ਹੀ ਕਸਵਟੀ ਹੈ, ਗੁਰਮਤ ਤੇ ਮਨਮਤ ਦਾ ਨਿਤਾਰਾ ਕਰਨ ਲਈ।

ਸੋ ਗੁਰਮਤ ਦੇ ਪਿਆਰਿਆਂ ਨੂੰ ਗੁਰੂ ਗ੍ਰੰਥ ਸਾਹਿਬ ਦੀਆਂ ਪਦ-ਛੇਦ ਬੀੜਾਂ ਬਾਰੇ ਵਿਚਾਰ ਕਰਨ ਲਈ ਗੁਰਬਾਣੀ ਨੂੰ ਹੀ ਆਧਾਰ ਬਣਾਉਣਾ ਚਾਹੀਦਾ ਹੈ। ਕੇਵਲ ਗੁਰੂ ਦੀ ਮਤ ਹੀ ਪੂਰਨ, ਸਹੀ ਤੇ ਅਭੁਲ ਹੈ। "ਭੁਲਣ



www.AKJ.Org

ਅੰਦਰ ਸਭ ਕੋ ਅਭੁਲੁ ਗੁਰੂ ਕਰਤਾਰ ॥" ਅਭੁਲ ਗੁਰੂ ਨੇ ਜੋ ਸਰੂਪ ਗੁਰੂ ਗ੍ਰੰਥ ਸਾਹਿਬ ਦਾ ਸਾਨੂੰ ਦਿਤਾ, ਉਹ ਜਿਹਾ ਕਿ ਸਾਰੇ ਜਾਣਦੇ ਹਨ, ਅਖੰਡ ਤੇ ਜੁੜਵੇਂ ਅਖਰਾਂ ਵਾਲਾ ਸੀ, ਪਦ-ਛੇਦ ਨਹੀਂ ਸੀ। ਹੁਣ ਉਸ ਪਵਿਤਰ ਸਰੂਪ ਵਿਚ ਰਤੀ ਭਰ ਤਬਦੀਲੀ ਕਰਨੀ, ਆਪਣੀ ਨਿਜੀ ਸ਼ਖਸੀ ਜਾਂ ਮਨੁਖੀ ਮਤ ਦੇ ਅਧੀਨ ਕਿਸ ਤਰ੍ਹਾਂ ਜਾਇਜ਼ ਕਰਾਰ ਦਿਤੀ ਜਾ ਸਕਦੀ ਹੈ ? ਅਖੰਡ ਤੇ ਜੁੜਵੇਂ ਸਰੂਪ ਨੂੰ ਪਦ-ਛੇਦ ਕਰਨਾ ਤਾਂ ਪ੍ਰਤੱਖ ਗੁਰੂ ਦੀ ਦੇਹ ਨੂੰ ਖੰਡਤ ਕਰਨ ਦੇ ਬਰਾਬਰ ਹੈ। ਅਜ ਤਕ ਸ਼ਾਇਦ ਕਿਸੇ ਲਿਖਾਰੀ ਨੇ ਵੀ ਐਸੀ ਤੋੜ ਫੋੜ ਨਹੀਂ ਕੀਤੀ। ਘਟੋ ਘਟ ਐਸੀ ਬੀੜ ਦੇ ਦਰਸ਼ਨ ਦਾਸ ਨੂੰ ਨਹੀਂ ਹੋਏ ਜੋ ਲਿਖਤੀ ਹੋਵੇ ਤੇ ਫਿਰ ਪਦ-ਛੇਦ ਹੋਵੇ। ਕਿਸੇ ਭੁਲੇਖੇ ਜਾਂ ਸਵਾਰਥ ਅਧੀਨ ਅਸਲੀ ਮੁਖ ਵਾਕ ਬਾਣੀ ਤੋਂ ਬਿਨਾਂ ਨਕਲੀ ਤੇ ਕਚੀ ਬਾਣੀ ਦਾ ਵਾਧਾ ਤਾਂ ਕਈ ਬੀੜਾਂ ਵਿਚ ਹੋਇਆ ਪ੍ਰੰਤੂ ਪਦ-ਛੇਦ ਲਿਖਤ ਵਾਲੀ ਬੀੜ ਸ਼ਾਇਦ ਹੋਂਦ ਵਿਚ ਅਜ ਤਕ ਨਹੀਂ ਆਈ। ਕਿਸੇ ਖੋਜੀ ਦੀ ਜਾਂ ਕਿਸੇ ਵੀ ਸਾਧਾਰਣ ਗੁਰਸਿਖ ਜਾਂ ਪਾਠਕ ਦੀ ਦ੍ਰਿਸ਼ਟੀ ਗੋਚਰ ਐਸੀ ਬੀੜ ਹੋਈ ਹੋਵੇ ਤਾਂ ਉਹ ਅਪਣੀ ਅਖੀਂ ਡਿਠੀ ਸਾਖ ਦੇ ਪ੍ਰਗਟਾਵੇ ਰਾਹੀਂ ਸਾਡੀ ਵਾਕਫੀਅਤ ਵਿਚ ਵਾਧਾ ਕਰ ਸਕਦਾ ਹੈ। ਪਰ ਕਿਸੇ ਐਸੀ ਟਾਵੀਂ ਬੀੜ ਦੇ ਆਧਾਰ ਤੇ ਪਦ-ਛੇਦ ਬੀੜਾਂ ਦਾ ਪਰਚਾਰ ਹਰਗਿਜ਼ ਨਹੀਂ ਹੋ ਸਕਦਾ। ਜੇ ਐਸੀ ਹਥ ਲਿਖਤ ਪਦ ਛੇਦ ਬੀੜ ਦੀ ਹੋਂਦ ਸਾਬਤ ਨਹੀਂ ਹੋਂਦੀ ਤਾਂ ਇਹ ਇਕ ਬੜਾ ਵੱਡਾ ਸਬੂਤ ਹੈ ਇਸ ਗਲ ਦਾ ਕਿ ਪੁਰਾਤਨ ਗੁਰਸਿਖ ਇਸ ਨੂੰ ਠੀਕ ਹੀ ਮਨਮਤ ਸਮਝਦੇ ਸਨ।

ਜੇ ਇਹ ਦਲੀਲ ਦਿਤੀ ਜਾਏ ਕਿ ਪੁਰਾਤਨ ਸਮਿਆਂ ਵਿਚ ਜੁੜਵੀਂ ਲਿਖਤ ਦਾ ਰਿਵਾਜ ਸੀ ਤੇ ਉਸ ਰਿਵਾਜ ਅਨੁਸਾਰ ਹੀ ਜੁੜਵੇਂ ਸ਼ਬਦਾਂ ਵਾਲੀ ਬੀੜ ਹੋਂਦ ਵਿਚ ਆ ਗਈ ਤਾਂ ਇਹ ਦਲੀਲ ਭੀ ਵਜ਼ਨਦਾਰ ਨਹੀਂ ਇਹ ਤਾਂ ਠੀਕ ਹੈ ਕਿ ਉਨ੍ਹਾਂ ਸਮਿਆਂ ਵਿਚ ਵਧੇਰੇ ਲਿਖਤਾਂ ਇਸੇ ਰੂਪ ਵਿਚ ਹੀ ਹੁੰਦੀਆਂ ਸਨ ਪ੍ਰੰਤੂ ਜੇ ਗੁਰੂ ਸਾਹਿਬਾਨ ਮੁਨਾਸਬ ਸਮਝਦੇ ਤਾਂ ਇਸ ਰੀਤ ਦੇ ਉਲਟ ਚਲਦੇ। ਜੇ ਉਹ ਪੰਜਾਬੀ ਲਿਪੀ ਦੇ ਅਖਰਾਂ ਦੀ ਬਣਾਵਟ ਤੇ ਤਰਤੀਬ ਬਦਲ ਕੇ ਨਵਾਂ ਰੂਪ ਹੋਂਦ ਵਿਚ ਲਿਆ ਸਕਦੇ ਸਨ ਤਾਂ ਹਰ

www.AKJ.Org

ਲਫਜ਼ ਨੂੰ ਅੱਡ ਅੱਡ ਅੰਕਤ ਕਰਨ ਦੀ ਪਰਪਾਟੀ ਤੋਰ ਸਕਦੇ ਸਨ। ਗੁਰੂ ਸਾਹਿਬਾਨ ਨੂੰ ਕਿਸੇ ਦੁਨਿਆਵੀ ਰਸਮ ਰਿਵਾਜ ਵਿਚ ਬੱਝਾ ਪ੍ਰਗਟ ਕਰਨਾ ਬੜੀ ਨੀਵੀਂ ਕਿਸਮ ਦੀ ਸ਼ਰਧਾ ਦਾ ਵਿਖਾਲਾ ਕਰਨਾ ਹੈ। ਸਾਰੇ ਹੀ ਗੁਰੂ ਸਾਹਿਬਾਨ ਨੇ ਆਪਣੇ ਵਕਤ ਦੇ ਪਰਚਲਤ ਕਰਮਾਂ ਧਰਮਾਂ ਦਾ ਖੰਡਨ ਕਰਕੇ ਗੁਰਮੁਖਾਂ, ਗੁਰਸਿਖਾਂ ਲਈ ਨਵਾਂ ਗਾਡੀ ਰਾਹ ਚਲਾਇਆ ਸੀ ਤਾਂ ਲਿਖਤ ਵਿਚ ਨਵੀਂ ਮਰਿਯਾਦਾ ਤੋਰਨੀ ਕੀ ਮੁਹਾਲ ਸੀ ?

ਜਿਥੋਂ ਤਕ ਪਦ-ਛੇਦ ਬੀੜਾਂ ਦੇ ਛਪਣ ਦਾ ਸੰਬੰਧ ਹੈ, ਮੇਰੀ ਸਾਧਾਰਣ ਪੁਛ-ਗਿਛ ਅਨੁਸਾਰ ਇਹ 1930 ਦੇ ਨੇੜੇ ਤੇੜੇ ਛਪਣੀਆਂ ਆਰੰਭ ਹੋਈਆਂ ਹਨ ਅਤੇ ਪੰਥਕ ਜਥੇਬੰਦੀਆਂ ਵਲੋਂ ਇਸ ਹਰਕਤ ਦੀ ਵਿਰੋਧਤਾ ਹੁੰਦੀ ਰਹੀ ਹੈ। ਪ੍ਰਕਾਸ਼ਕਾਂ ਨੇ ਭੋਲੀ ਭਾਲੀ ਸਿਖੀ ਸਿਧਾਂਤਾਂ ਤੋਂ ਅਣਜਾਣ ਸਿਖ ਜਨਤਾ ਵਿਚ ਆਪਣੀ ਜਾਤੀ ਲੋਭ ਲਹਿਰ ਦੇ ਹਲਕ ਵਿਚ ਪਦ-ਛੇਦ ਬੀੜਾਂ ਦੇ ਹੱਕ ਵਿਚ ਪ੍ਰਾਪੇਗੰਡਾ ਕੀਤਾ ਤੇ ਕਰਵਾਇਆ ਹੈ। ਫਿਰ ਵੀ 1960 ਤਕ ਪਦ-ਛੇਦ ਬੀੜਾਂ ਦੇ ਪ੍ਰਕਾਸ਼ ਬਹੁਤੇ ਗੁਰਦੁਆਰਿਆਂ ਵਿਚ ਨਹੀਂ ਸਨ ਹੁੰਦੇ।ਮੇਰੇ ਵਿਚਾਰ ਵਿਚ ਇਨ੍ਹਾਂ ਪਿਛਲੇ ਦਸ ਕੁ ਸਾਲਾਂ ਵਿਚ ਪਦ-ਛੇਦ ਬੀੜਾਂ ਦਾ ਪਰਸਾਰ ਇਨ੍ਹਾਂ ਵਧ ਗਿਆ ਹੈ ਕਿ ਟਾਵੇਂ ਅਸਥਾਨਾਂ ਤੇ ਜੁੜਵੇਂ ਅਖਰਾਂ ਵਾਲੀ ਬੀੜ ਦੇ ਦਰਸ਼ਨ ਹੁੰਦੇ ਹਨ। ਚਾਰ ਪੰਜ ਸਾਲ ਹੋਏ, ਦਾਸ ਬਾਊ ਕੰਵਰ ਸਿੰਘ ਨਾਲ ਜਦ ਸ੍ਰੀ ਹੇਮ-ਕੁੰਡ ਦੀ ਯਾਤਰਾ ਲਈ ਗਿਆ ਤਾਂ ਰਸਤੇ ਵਿਚ ਹਰ ਪੜਾ ਤੇ ਹਰ ਗੁਰਦੁਆਰੇ ਵਿਚ ਪਦ-ਛੇਦ ਬੀੜ ਦੇ ਹੀ ਦਰਸ਼ਨ ਹੋਏ। ਅਚਾਨਕ ਐਸੀ ਅਵਸਥਾ ਵੇਖ ਕੇ ਬੜੀ ਹੈਰਾਨੀ ਤੇ ਪਰੇਸ਼ਾਨੀ ਹੋਈ। ਇਸ ਤੋਂ ਮਗਰੋਂ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਿਚ ਆਏ ਸ੍ਰੀ ਅੰਮ੍ਰਿਤਸਰ ਦੇ ਲੋਕਲ ਗੁਰ-ਦੁਆਰਿਆਂ ਵਿਚ ਵੀ ਐਸੀ ਹਾਲਤ ਵੇਖੀ ਤਾਂ ਹਿਰਦਾ ਵਰਤਮਾਨ ਪ੍ਰਬੰਧਕਾਂ ਉਤੇ ਗਿਲਾ ਕਰਦਾ ਰਿਹਾ। ਫਿਰ ਜਦ ਇਸ ਸਾਲ 1971 ਵਿਚ ਇਹ ਪਤਾ ਲਗਾ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਪਦ-ਛੇਦ ਬੀੜਾਂ ਛਾਪਣ ਦੀਆਂ ਤਿਆਰੀਆਂ ਕਰ ਰਹੀ ਹੈ, ਤਾਂ ਇਉਂ ਮਹਿਸੂਸ ਹੋਇਆ ਕਿ ਕੁਫਰ ਜਾਂ ਮਨਮੱਤ ਸਿਖਰ ਨੂੰ ਛੂਹਣ ਲਗੀ ਹੈ। ਭਾਵੇਂ 'ਨਾਨਕ ਨਾਮ ਜਹਾਜ਼ ਹੈ' ਵਾਲੀ ਫਿਲਮ ਤਿਆਰ ਕਰਵਾ ਕੇ ਵੀ ਕਮੇਟੀ ਨੇ ਇਕ ਨਿੰਦਤ

www.AKJ.Org

ਕਰਮ ਕੀਤਾ ਸੀ, ਪਰ ਉਸ ਤੇ ਇਨਾ ਰੋਸ ਨਹੀਂ ਹੋਇਆ ਜਿੰਨਾ ਇਸ ਨਵੀਂ ਹਰਕਤ ਤੇ ਹੋ ਰਿਹਾ ਹੈ।

ਜ਼ਿਆਦਾ ਦੁਖ ਤਾਂ ਇਸ ਗਲ ਤੇ ਹੈ ਕਿ ਇਹੋ ਕਮੇਟੀ ਹੁਣ ਤਕ ਪਦ-ਛੇਦ ਬੀੜਾਂ ਦੇ ਵਿਰੁਧ ਹੀ ਪਰਚਾਰ ਕਰਦੀ ਆ ਰਹੀ ਸੀ। ਅਜ ਪ੍ਰਗਟ ਗੁਰਾਂ ਦੀ ਦੇਹ ਦੀ ਬੇਅਦਬੀ ਕਰਕੇ ਦੂਜੇ ਪ੍ਰਕਾਸ਼ਕਾਂ ਨੂੰ ਆਪਣੇ ਹਥ ਰੰਗਦਿਆਂ ਵੇਖ ਕੇ ਸ਼੍ਰੋਮਣੀ ਕਮੇਟੀ ਦੇ ਅਪਸਵਾਰਥੀ ਆਗੂਆਂ ਨੇ ਆਪਣੇ ਅਸੂਲ ਛਿੱਕੇ ਟੰਗ ਦਿਤੇ ਹਨ ਅਤੇ ਬਜਾਏ ਇਸਦੇ ਕਿ ਦੂਜੇ ਪ੍ਰਕਾਸ਼ਕਾਂ ਦੀ ਕੁਮਤ ਨੂੰ ਰੋਕਣ ਦਾ ਉਪਰਾਲਾ ਕੀਤਾ ਜਾਂਦਾ ਉਲਟਾ ਏਸ ਕੁਮਤ ਦੇ ਵਹਿਣ ਵਿਚ ਖੁਦ ਵਹਿ ਗਏ ਹਨ। ਇਹ ਦੂਜੇ ਪ੍ਰਕਾਸ਼ਕ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆ ਬੀੜਾਂ ਦੀ ਛਪਾਈ ਅਤੇ ਇਨ੍ਹਾਂ ਬੀੜਾਂ ਰਾਹੀਂ ਮਨ-ਚਾਹੀ ਕਮਾਈ ਕਰਨ ਲਈ ਕੀ ਕੀ ਆਲ ਪਲਾਲ ਤੇ ਹਥ ਕੰਡੇ ਕਰਦੇ ਹਨ, ਪਿਛੇ ਜਹੇ ਡਾਕਟਰ ਪ੍ਰੀਤਮ ਸਿੰਘ ਜੀ ਦਸੂਹੇ ਵਾਲਿਆਂ ਭਲੀ ਭਾਂਤ ਪ੍ਰਗਟਾਏ ਹਨ, ਆਪਣੇ ਇਕ ਲੇਖ ਵਿਚ। ਉਨ੍ਹਾ ਨੇ ਸੰਗਤਾਂ ਨੂੰ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਮਹਾਰਾਜ ਦੇ ਸਤਿਕਾਰ ਕਾਇਮ ਕਰਾਉਣ ਵਾਸਤੇ ਬੜੇ ਅਮੋਲਕ ਸੁਝਾਅ ਵੀ ਦਸੇ ਹਨ। ਉਨ੍ਹਾਂ ਦੀ ਪਰੇਰਨਾ ਤੇ ਉਦਮ ਦਾ ਸਦਕਾ ਕਈਆਂ ਸਿੰਘਾਂ ਨੇ, ਉਨ੍ਹਾਂ ਦੇ ਵਿਚਾਰਾਂ ਨਾਲ ਸਹਿਮਤ ਹੋ ਕੇ ਕਮੇਟੀ ਨੂੰ ਚਿਠੀਆਂ ਲਿਖੀਆਂ ਹਨ, ਪਰ ਪ੍ਰਬੰਧਕਾਂ ਦੇ ਕੰਨਾਂ ਤੇ ਜੂੰ ਨਹੀਂ ਸਰਕੀ ਜਾਪਦੀ। ਕਮੇਟੀ ਤੇ ਕਾਬਜ ਟੋਲੇ ਦੇ ਮੁਖੀ ਆਗੂਆਂ ਨੂੰ ਆਪਣੀ ਰਾਜਨੀਤੀ ਤੇ ਕੁਰਸੀ ਜਾਂ ਪਦਵੀ ਦੇ ਪ੍ਰੀਤੀ ਦੇ ਕਾਰਣ ਸਹੇੜੇ ਖਲਜਗਣ ਵਿਚੋਂ ਇਨੀ ਵਿਹਲ ਨਹੀਂ ਕਿ ਗੁਰੂ ਸਾਹਿਬ ਦੇ ਸਤਿਕਾਰ ਵਲ ਆਪਣਾ ਕੀਮਤੀ ਸਮਾਂ ਕਢ ਸਕਣ।

ਦਾਸ ਦੀ ਸੋਚੀ ਵਿਚਾਰੀ ਰਾਏ ਹੈ ਕਿ ਪਦ-ਛੇਦ ਬੀੜਾਂ ਦਾ ਸ਼੍ਰੋਮਣੀ ਕਮੇਟੀ ਵਲੋਂ ਪ੍ਰਕਾਸ਼ਣ, ਸੱਚੇ ਗੁਰਦੇਵ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਵਿਆਪ ਰਹੀ ਬੇਅਦਬੀ ਵਿਚ ਹੋਰ ਵਾਧਾ ਕਰੇਗਾ। ਹੋਰ ਵਿਚਾਰ ਕਰਨ ਤੋਂ ਪਹਿਲਾਂ ਮੈਂ ਹੇਠਾਂ ਉਹ ਸਤਰਾਂ ਦੇਣਾ ਚਾਹੁੰਦਾ ਹਾਂ, ਜੋ ਕਈ ਸਾਲਾਂ ਤੋਂ ਸ਼੍ਰੋਮਣੀ ਜੰਤਰੀ ਵਿਚ ਛਪਦੀਆਂ ਰਹੀਆਂ ਹਨ ਪਰ ਚਾਲੂ ਸਾਲ ੧੯੭੧ ਦੀ ਜੰਤਰੀ ਵਿਚ ਨਹੀਂ ਹਨ।

www.AKJ.Org

੧. ਕਾਰਜ ਸਾਧਕ ਕਮੇਟੀ (ਚੀਫ ਖਾਲਸਾ ਦੀਵਾਨ) ਦਾ ਮਤਾ ਨੰ: ੨੬੮੨ ਮਿਤੀ ੨੧ ਜਨਵਰੀ ੧੯੪੫—"ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਤੋਂ ਅਖੰਡ ਪਾਠ ਹੋਣ ਸਬੰਦੀ ਮੁਆਮਲਾ ਧਾਰਮਕ ਸਲਾਹ-ਕਾਰਾਂ ਦੀਆਂ ਰਾਵਾਂ ਸਮੇਤ ਪੇਸ਼ ਹੋਇਆ। ਆਗਿਆ ਹੋਈ ਕਿ ਨਾ ਹੀ ਐਸੀ ਬੀੜ ਦਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਹੋਣਾ ਜਾਇਜ਼ ਹੈ ਤੇ ਨਾ ਹੀ ਇਸ ਤੋਂ ਅਖੰਡ ਪਾਠ ਕਰਨਾ ਜਾਇਜ਼ ਹੈ, ਤੇ ਪਦ-ਛੇਦ ਕਰਕੇ ਸਾਰੀ ਬੀੜ ਇਕ ਜਿਲਦ ਵਿਚ ਛਾਪਣੀ ਬਹੁਤ ਨਾ-ਮੁਨਾਸਬ ਹੈ, ਤੇ ਪੰਥ ਲਈ ਹਾਨੀਕਾ-ਰਕ ਹੈ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਇਸ ਫੈਸਲੇ ਦੀ ਨਕਲ ਭੇਜੀ ਜਾਵੇ ਤੇ ਆਮ ਅਖਬਾਰਾਂ ਵਿਚ ਵੀ ਪ੍ਰਕਾਸ਼ਤ ਕੀਤੀ ਜਾਵੇ।

੨. ਗੁਰਮਤਾ ਨੰ: ੭ ਤ੍ਰੀਕ ੧-੧-੧੯੫੦ ਧਾਰਮਿਕ ਕਮੇਟੀ, ਸ਼੍ਰੋਮਣੀ ਗੁਰਦੁਆਰਾ ਪ੍ਰ: ਕਮੇਟੀ—"ਸ੍ਰੀ ਗੁਰੂ ਗਰੰਥ ਸਾਹਿਬ ਜੀ ਦੀ ਪਦ-ਛੇਦ ਬੀੜ ਛਾਪਣ ਜਾਂ ਪ੍ਰਕਾਸ਼ ਕਰਨ ਸਬੰਦੀ ਸ਼੍ਰੋਮਣੀ ਕਮੇਟੀ ਦੀ ਅੰਤ੍ਰਿਗ ਕਮੇਟੀ ਦਾ ਗੁਰਮਤਾ ਨੰ: ੧੬੩੭ ਮਿਤੀ੨੮-੫-੪੦ ਜਿਸ ਰਾਹੀਂ ਧਾਰਮਿਕ ਸਲਾਹਕਾਰ ਕਮੇਟੀ ਦੀ ਰਾਇ ਪੁਛੀ ਗਈ ਸੀ, ਪੇਸ਼ ਹੋ ਕੇ ਪਰਵਾਨ ਹੋਇਆ ਕਿ ਜਿਤਨਾ ਚਿਰ ਪੰਥਕ ਤੌਰ ਤੇ ਇਸ ਬਾਰੇ ਕੋਈ ਫੈਸਲਾ ਨਾ ਹੋ ਜਾਵੇ, ਕਿਸੇ ਇਕ ਪੁਰਸ਼ ਜਾਂ ਸਭਾ ਸੁਸਾਇਟੀ ਨੂੰ ਪਦ-ਛੇਦ ਬੀੜ ਨਹੀਂ ਛਾਪਣੀ ਚਾਹੀਦੀ ਤੇ ਨਾ ਹੀ ਪਦ-ਛੇਦ ਬੀੜ ਦਾ ਪ੍ਰਕਾਸ਼ ਹੋਣਾ ਚਾਹੀਦਾ ਹੈ।"

ਫਿਲਮ 'ਨਾਨਕ ਨਾਮ ਜਹਾਜ਼ ਹੈ' ਜਦ ਚਾਲੂ ਕਰਵਾਣੀ ਸੀ ਤਾਂ ਕਮੇਟੀ ਨੇ ਆਪਣੇ ਮਾਸਕ ਪੱਤਰ 'ਗੁਰਮਤ ਪ੍ਰਕਾਸ਼' ਵਿਚ ਪਰਚਾਰ ਦੇ ਨਵੇਂ ਢੰਗ ਦੇ ਸਿਰਲੇਖ ਹੇਠ ਸੰਪਾਦਕੀ ਲਖ ਕਢਵਾ ਕੇ ਚਾਲੂ ਹੋਣ ਵਾਲੀ ਫਿਲਮ ਲਈ ਗਰਾਉਂਡ ਬਣਾਈ ਸੀ ਪ੍ਰੰਤੂ ਇਸ ਨਵੇਂ ਸੋਚੇ ਕਦਮ ਬਾਰੇ ਪਰੈਸ ਰਾਹੀਂ ਮੁਸ਼ਕ ਤਕ ਨਹੀਂ ਕੱਢੀ। ਮੈਂ ਸਕੱਤਰ ਸ਼੍ਰੋਮਣੀ ਕਮੇਟੀ ਨੂੰ **ਇਸ** ਬਾਰੇ ਦੋ ਚਿਠੀਆਂ ਲਿਖੀਆਂ ਪਰ ਉਤਰ ਵਲੋਂ ਵਾਂਝਿਆ ਰਿਹਾ।

ਇਹ ਠੀਕ ਹੈ ਕਿ ਗਲਤ ਤੇ ਮਨਮਤਿ ਭਰੇ ਵਾਯੂ-ਮੰਡਲ ਦੇ ਕਾਰਨ ਪਦ-ਛੇਦ ਬੀੜਾਂ ਦੇ ਚਾਹਵਾਨ ਬਹੁਤ ਵਧ ਗਏ ਹਨ ਪਰ ਗੁਰੂ ਨੂੰ ਕੀ ਲੋੜ ਹੈ ਕਿ ਉਹ ਜਨਤਾ ਦੇ ਮਗਰ ਲਗੇ। ਜਿਸ ਕਿਸੇ ਨੂੰ ਆਪਣੇ ਉਧਾਰ ਨਿਸਤਾਰੇ

www.AKJ.Org

ਦਾ ਫਿਕਰ ਹੈ- ਉਹ ਗੁਰਮਤਿ ਨੂੰ ਮੁਖ ਰਖੇਗਾ। ਨਾ ਕਿ ਮਨਮਤਿ ਜਾਂ ਲੋਕ-ਮਤ ਨੂੰ। ਸਾਡੇ ਆਗੂ ਗੁਰੂ ਗਰੰਥ ਸਾਹਿਬ ਦੇ ਸਰੂਪ ਨੂੰ ਕਿਉਂ ਲੋਕ-ਮਤ ਦੇ ਅਧੀਨ ਕਰਨਾ ਚਾਹੁੰਦੇ ਹਨ ? ਕਿਹੜਾ ਹੈ ਜਿਹੜਾ ਇਸ ਅਥਾਹ ਸਾਗਰ ਦੀ ਥਾਹ ਪਾਉਣ ਦਾ ਦਾਅਵਾ ਕਰਕੇ ਇਸਦੇ ਸਹੀ ਸਹੀ ਨਿਖੇੜੇ ਕਰ ਦਸੇਗਾ ? ਇਸਦੇ ਇਕ ਇਕ ਪੰਨੇ ਵਿਚ ਅਨੇਕਾਂ ਲਫਜ਼ਾਂ ਰੂਪੀ ਮੋਤੀ ਐਸੇ ਮਿਲਣਗੇ, ਜੋ ਸਰਬ ਸੰਮਤੀ ਨਾਲ ਇਧਰ ਜਾਂ ਉਧਰ ਨਹੀਂ ਤੋੜੇ ਜਾ ਸਕਣਗੇ। ਸੋ ਬੇਨਤੀ ਹੈ ਕਿ ਬਾਜ਼ ਆਉ ਮਨ ਦੀ ਮਤਿ ਤੋਂ। ਇਹ ਮੋਤੀਆਂ ਦੀਆਂ ਲੜੀਆਂ ਪਰੁਤੀਆਂ ਰਹਿਣ ਦਿਉ। ਇਹ ਭਰਮ ਹੈ ਕਿ ਇਸ ਤਰ੍ਹਾਂ ਗੁਰਬਾਣੀ ਦੇ ਪਾਠ ਦਾ ਪਿਆਰ ਵਧੇਗਾ। ਅੱਗੇ ਪਦ-ਛੇਦ ਬੀੜਾਂ ਦੇ ਕਾਰਨ ਜੋ ਅਖੰਡ ਪਾਠਾਂ ਦੇ ਰਿਵਾਜ ਪੈ ਰਹੇ ਹਨ, ਉਨ੍ਹਾਂ ਵਿਚ ਵਧੇਰੇ ਪਾਠੀ ਪਾਠ ਦੀ ਮਰਿਆਦਾ ਤੋਂ ਬਿਲਕੁਲ ਅਨਜਾਣ ਹੁੰਦੇ ਹਨ ਜੋ ਕਦੇ ਬਾਣੀ ਪੜ੍ਹਦੇ ਨਹੀਂ, ਸੁਣਦੇ ਨਹੀਂ, ਸੁੱਚ, ਸਫਾਈ, ਇਸ਼ਨਾਨ ਅਦਬ ਆਦਿ ਦੀ ਰੀਤ ਤੋਂ ਉਕਾ ਅਣਜਾਣ ਹਨ, ਉਹ ਅਖੰਡ ਪਾਠੀ ਬਣ ਬਣ ਬਹਿੰਦੇ ਹਨ। ਜਿਨ੍ਹਾਂ ਨੂੰ ਇੱਨਾਂ ਸ਼ੌਕ ਹੈ ਬਾਣੀ ਪੜ੍ਹਣ ਦਾ ਉਹ ਗੁਟਕਿਆਂ, ਪੋਥੀਆਂ ਆਦਿ ਤੋਂ ਬਾਣੀ ਕਿਉਂ ਨਹੀਂ ਪੜ੍ਹਦੇ ? ਉਹ ਨਿਤਨੇਮ ਦੀਆਂ ਬਾਣੀਆਂ ਕਿਉਂ ਨਹੀਂ ਪੜ੍ਹਦੇ ? ਉਹ ਕਿਉਂ ਇਕੋ ਛਾਲ ਵਿਚ ਅਟਾਰੀ ਤੇ ਅਪੜਨਾ ਚਾਹੁੰਦੇ ਹਨ ? ਕਿਉਂ ਨਹੀਂ, ਕਿਸੇ ਸਿਆਣੇ ਪਾਠੀ ਪਾਸੋਂ ਅਦਬ ਸਤਿਕਾਰ ਨਾਲ ਬਾਂਣੀ ਦਾ ਪਾਠ ਸਿਖਦੇ ?

ਇਕ ਦੋ ਨਹੀਂ, ਸੈਂਕੜੇ ਬਲਕਿ ਹਜ਼ਾਰਾਂ ਪਾਠ-ਭੇਦ ਐਸੇ ਮਿਲਣਗੇ, ਜਿਥੇ ਦੋ ਵਿਦਵਾਨਾਂ ਦੀ ਸੰਮਤੀ ਨਹੀਂ ਹੋਵੇਗੀ, ਸਾਰੇ ਸਿਖਾਂ ਦੀ ਸੰਮਤੀ ਤਾਂ ਕਿਤੇ ਰਹੀ। ਹੈਰਾਨੀ ਹੈ ਕਿ ਐਸੇ ਪਾਠ-ਭੇਦਾਂ ਦਾ ਨਿਰਣਾ ਕਿਸ ਕਸਵਟੀ ਤੇ ਕੀਤਾ ਜਾਵੇਗਾ ? ਕੀ ਉਹ ਸ਼ਖਸੀ ਮਤ ਨਹੀਂ ਹੋਵੇਗਾ ? ਸੋ ਸੰਭਲੋ, ਸੋਚੋ, ਨਿਜ ਮਤਿ ਨੂੰ ਗੁਰਮਤਿ ਵਿਚ ਨਾ ਘੁਸੇੜੋ ? ਗੁਰੂ ਗਰੰਥ ਸਾਹਿਬ ਦੀਆਂ ਸਾਰੀਆਂ ਗੱਲਾਂ ਕਿਸੇ ਕੋਲੋਂ ਵੀ ਸੰਪੂਰਨ ਸਹੀ ਰੂਪ ਵਿਚ ਕਹੀਆਂ ਨਹੀਂ ਜਾ ਸਕਦੀਆਂ। ਮੈਨੂੰ ਜਪੁਜੀ ਸਾਹਿਬ ਦੀ ਇਹ ਤੁਕ ਇਥੇ ਘਟਦੀ ਜਾਪਦੀ ਹੈ।

www.AKJ.Org

ਤਾਕੀਆ ਗਲਾ ਕਥੀਆ ਨਾ ਜਾਹਿ।
ਜੇ ਕੋ ਕਹੈ ਪਿਛੈ ਪਛੁਤਾਇ॥

ਸੋ "ਐਸਾ ਕੰਮੁ ਮੂਲੇ ਨ ਕੀਚੈ, ਜਿਤੁ ਅੰਤਿ ਪਛੋਤਾਈਐ"
'ਚਿਰਾ ਕਾਰੇ ਕੁਨਦ ਆਕਲ ਕਿ ਬਾਜ਼ ਆਯਦ ਪਸ਼ੇਮਾਨੀ ?"

ਡਾਕਟਰ ਪ੍ਰੀਤਮ ਸਿੰਘ ਦਸੂਹੇ ਵਾਲਿਆਂ ਦੀ ਰਾਇ ਜੇ ਅਸਲ ਵਿਚ ਆ ਜਾਵੇ ਤਾਂ 'ਏਕ ਪੰਥ ਦੋ ਾਜ' ਵਾਲੀ ਗਲ ਹੋ ਸਕਦੀ ਹੈ। ਨਾਲੇ ਬਾਜ਼ਾਰ ਵਿਚ ਹੋ ਰਹੀ ਬੇਅਦਬੀ ਬੰਦ ਹੋ ਜਾਵੇ, ਨਾਲੇ ਪਦ-ਛੇਦ ਬੀੜਾਂ ਦਾ ਛਪਣਾ ਰੁਕ ਜਾਵੇ। ਨਾ ਹੀ ਕਮੇਟੀ ਨੂੰ ਬੇਮਰਿਆਦਗੀ ਕਰਨ ਦੀ ਰੀਸ ਉਪਜੇ। ਹਾਂ, ਜੇ ਸਤਿਗੁਰੂ ਦੇ ਸਤਿਕਾਰ ਦੀ ਇਹ ਦਿੱਲੀ ਹਾਲੀ ਦੂਰ ਦਿਸਦੀ ਹੈ ਤਾਂ ਘਟੋ ਘਟ ਸ਼੍ਰੋਮਣੀ ਕਮੇਟੀ ਉਹ ਕਦਮ ਹਰਗਿਜ਼ ਨਾ ਚੁਕੇ ਜੋ ਇਸ ਦਿੱਲੀ ਤੋਂ ਕੌਮ ਨੂੰ ਦੂਰ ਲੈ ਜਾਵੇ।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ॥

## ਸ੍ਰੀ ਅਖੰਡ ਪਾਠ ਸਮਾਗਮ

### *ਅਸਥਾਨ :–185 L, ਮਾਡਲ ਟਾਊਨ, ਲੁਧਿਆਣਾ।*

9-7-71 ਸ੍ਰੀ ਆਸਾ ਜੀ ਦੀ ਵਾਰ 3 ਤੋਂ 5 ਤਕ ਅੰਮ੍ਰਿਤ ਵੇਲੇ।
ਉਪਰੰਤ ਪ੍ਰਾਰੰਭ ਸ੍ਰੀ ਅਖੰਡ ਪਾਠ ਸਾਹਿਬ।

10-7-71 ਸ੍ਰੀ ਅਖੰਡ ਪਾਠ ਚਾਲੂ

11-7-71 ਭੋਗ ਸ੍ਰੀ ਅਖੰਡ ਪਾਠ ਸਾਹਿਬ 5 ਵਜੇ ਉਪਰੰਤ ਆਸਾ ਜੀ ਦੀ ਵਾਰ ਦਾ ਕੀਰਤਨ ਅਰੰਭ, ਦੁਪਹਿਰ 12 ਵਜੇ ਤਕ।
ਗੁਰੂ ਕਾ ਲੰਗਰ ਅਤੁਟ ਵਰਤੇਗਾ।

ਸਭ ਸਿੰਘਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਜੋ ਪੜ੍ਹਣ ਅਥਵਾ ਸੁਣਣ ਦਰਸ਼ਨ ਦੇ ਕਰਕੇ ਦਾਸ ਨੂੰ ਖੁਸ਼ੀਆਂ ਬਖਸ਼ਣ।

ਦਾਸਰਾ :—
ਕ੍ਰਿਪਾਲ ਸਿੰਘ

www.AKJ.Org

# ਭਗਤ ਧੰਨਾ ਜੀ

## ਪ੍ਰੋ: ਗੁਰਮੁਖ ਸਿੰਘ ਜੀ, ਐਮ. ਏ.

ਆਪ ਰਾਜਸਥਾਨ ਦੇ ਜਟ ਘਰਾਣੇ ਵਿਚੋਂ ਸਨ । ਆਪ ਦਾ ਜਨਮ 1416 ਈ: ਵਿੱਚ ਹੋਇਆ । ਘਰ ਦਾ ਕੰਮ ਕਿਤਾ ਖੇਤੀ ਸੀ । ਰਾਜਸਥਾਨ ਅੰਦਰ ਠਾਕਰਾਂ ਦੀ ਪੂਜਾ ਦਾ ਬਹੁਤਾ ਹੀ ਰਿਵਾਜ ਹੈ । ਇਤਨਾਂ ਜ਼ਿਆਦਾ ਹੈ ਕਿ ਘਰ ਘਰ ਠਾਕਰਾਂ ਲਈ ਨਿਕੇ ਨਿਕੇ ਮੰਦਰ ਬਣੇ ਹੋਏ ਹਨ, ਅਤੇ ਕਈ ਵਾਰ ਤਾਂ ਜੈ ਪੁਰ ਦੀਆਂ ਖੁਲੀਆਂ ਚੌੜੀਆਂ ਸੜਕਾਂ ਦੇ ਵਿਚਕਾਰ ਭੀ ਨਿਕੇ ਨਿਕੇ ਠਾਕਰ-ਦੁਆਰੇ ਬਣੇ ਹੋਏ ਮਿਲਦੇ ਹਨ ।

ਧੰਨਾ ਜੀ ਤਾਂ ਪਿੰਡ ਦੇ ਵਸਨੀਕ ਸਨ । ਸੁਭਾ ਦੇ ਬੜੇ ਸਾਦ-ਮੁਰਾਦੇ । ਉਹਨਾਂ ਦਾ ਹਿਰਦਾ ਬੜਾ ਹੀ ਕੋਮਲ ਤੇ ਨਿਰਛਲ ਸੀ ਅਤੇ ਛੇਤੀ ਇਤਬਾਰ ਕਰ ਲੈਣਾ ਉਹਨਾਂ ਦਾ ਸੁਭਾਉ ਸੀ । ਭਾਈ ਗੁਰਦਾਸ ਜੀ ਉਹਨਾਂ ਦੇ ਪਰ-ਮਾਰਥਕ ਜੀਵਨ ਵਿਚ ਆਉਣ ਦਾ ਇਤਿਹਾਸ ਲਿਖਦਿਆਂ ਦਸਦੇ ਹਨ ਕਿ ਧੰਨਾ ਜੀ ਨੂੰ ਇਕ ਵਾਰੀ ਅਚੰਭਾ ਪੈਦਾ ਹੋਇਆ ਕਿ ਆਖਰ ਪਿੰਡ ਦਾ ਪ੍ਰੋਹਤ ਠਾਕਰਾਂ ਦੀ ਇਸ ਪ੍ਰਕਾਰ ਸੇਵਾ ਕਿਉਂ ਕਰੀ ਜਾਂਦਾ ਹੈ ? ਉਹਨਾਂ ਨੇ ਭੋਲੇ ਭਾਏ ਗਊਆਂ ਚਾਰਦੇ, ਇਕ ਦਿਨ ਹਿੰਮਤ ਕਰਕੇ ਪੁਛ ਹੀ ਲਿਆ :—

ਧੰਨਾ—ਹੇ ਪ੍ਰੋਹਤ ਜੀ, ਤੁਸੀਂ ਇਹਨਾ ਠਾਕਰਾਂ ਦੀ ਪੂਜਾ ਕਿਉਂ ਕਰਦੇ ਹੋ ?

ਪ੍ਰੋਹਤ—ਧੰਨਿਆ ਤੂੰ ਗਊਆਂ ਚਾਰ, ਆਪਣੀ ਖੇਤੀ ਸਾਂਭ, ਤੈਨੂੰ ਠਾਕਰਾਂ ਨਾਲ ਕੀ ?

ਧੰਨਾ—ਨਹੀਂ ਮਹਾਰਾਜ ਫਿਰ ਭੀ ਕੁਝ ਅਸਾਂ ਮੂੜ ਮਤਾਂ ਨੂੰ ਮਤ ਦਿਓ ।

ਪ੍ਰੋਹਤ—ਧਨਿਆ ! ਇਹ ਠਾਕਰ ਤਾਂ ਰਬ ਹੈ । ਜੋ ਇਸ ਦੀ ਪ੍ਰੇਮ ਸ਼ਰਧਾ ਨਾਲ ਪੂਜਾ ਕਰਦਾ ਹੈ ਉਸ ਨੂੰ ਮੂੰਹ ਮੰਗੀਆਂ ਮੁਰਾਦਾਂ ਮਿਲਦੀਆਂ ਹਨ ।



www.AKJ.Org

ਧੰਨਾ—(ਕੁਝ ਸੋਚ ਕੇ) ਪ੍ਰੋਹਤ ਜੀ, ਮੈਨੂੰ ਭੀ ਇਕ ਠਾਕਰ ਦੇ ਦਿਓ, ਮੈਂ ਉਸ ਦੀ ਬੜੇ ਪ੍ਰੇਮ ਨਾਲ ਸੇਵਾ ਕਰਾਂਗਾ। ਤੁਸੀਂ ਜਿਸ ਤਰ੍ਹਾਂ ਕਹੋਗ, ਉਸ ਤਰ੍ਹਾਂ ਸੇਵਾ ਕਰਾਂਗਾ।

ਪ੍ਰੋਹਤ—ਨਹੀਂ, ਨਹੀਂ, ਧੰਨਿਆ, ਤੇਰੇ ਕੋਲੋਂ ਸੇਵਾ ਨਹੀਂ ਹੋਣੀ।

ਧੰਨਾ—ਨਹੀਂ ਮਹਾਰਾਜ! ਮੇਰੇ ਤੇ ਕਿਰਪਾ ਕਰੋ, ਮੈਂ ਠਾਕਰ ਜੀ ਦੀ ਪੂਰੀ ਸੇਵਾ ਕਰਾਂਗਾ। ਮੈਨੂੰ ਤਾਂ ਖੇਤੀ ਦਾ ਕੰਮ ਹੀ ਨਹੀਂ ਮੁਕਦਾ ਜੇ ਠਾਕਰ ਮਿਲ ਜਾਏ ਤਾਂ ਕੁਝ ਹਥ ਵੰਡਾਏਗਾ।

ਪ੍ਰੋਹਤ—(ਧੰਨੇ ਨੂੰ ਬੁਧੂ ਤੇ ਸਾਦਾ ਜਿਹਾ ਅਲ੍ਹੜ ਸਮਝਕੇ) ਲੈ, ਜੇ ਬਹੁਤਾ ਹੀ ਖੈਹੜੇ ਪੈਂਦਾ ਏਂ ਤਾਂ ਐ ਲੈ (ਇਕ ਪੱਥਰ ਬੰਨ ਕੇ) ਠਾਕਰ ਅਤੇ ਇਸ ਨੂੰ ਇਸ਼ਨਾਨ ਕਰਾਈਂ, ਜਾਪ ਕਰੀਂ ਤੇ ਪ੍ਰਸ਼ਾਦ (ਰੋਟੀ ਲੰਗਰ) ਦਾ ਭੋਗ ਲਗਵਾ ਕੇ ਫਿਰ ਆਪ ਛਕੀਂ। ਜਿਸਨੂੰ ਭਾਈ ਗੁਰਦਾਸ ਜੀ ਨੇ ਇਓਂ ਅੰਕਤ ਕੀਤਾ ਹੈ।

ਪਥਰ ਇਕ ਲਪੇਟ ਕਰ ਦੇ ਧੰਨੈ ਨੋ ਗੈਲ ਛੁਡਾਵੈ।<br>
ਠਾਕਰ ਨੂੰ ਨਾਵਾਲ ਕੈ ਛਾਹਿ ਰੋਟੀ ਲੈ ਭੋਗ ਚੜਾਵੈ।<br>
ਹਥ ਜੋੜ ਮਿੰਨਤ ਕਰੇ ਪੈਰੀਂ ਪੈ ਪੈ ਬਹੁਤ ਮਨਾਵੈ।<br>
ਹਉਂ ਭੀ ਮੁੰਹ ਨ ਜੁਠਾਲਸਾਂ ਤੂੰ ਰੁਠਾ ਮੈਂ ਕਿਹੁ ਨ ਸੁਖਾਵੈ।<br>
ਗੋਸਾਈਂ ਪ੍ਰਤੱਖ ਹੋਏ ਰੋਟੀ ਖਾਹਿ ਛਾਹਿ ਮੁਹਿ ਲਾਵੈ।<br>
ਭੋਲਾ ਭਾਉ ਗੋਬਿੰਦ ਮਿਲਾਵੈ।

ਭਾਈ ਗੁਰਦਾਸ ਜੀ ਦੀ ਅੰਤਲੀ ਪੰਕਤੀ ਬੜੀ ਜ਼ੋਰਦਾਰ ਟੂਕ ਹੈ, "ਭੋਲਾ ਭਾਉ ਗੋਬਿੰਦ ਮਿਲਾਵੈ।" ਇਹ ਇਕ ਜਗਤ ਪ੍ਰਸਿਧ ਸਚਾਈ ਹੈ ਕਿ ਪ੍ਰਭੂ ਸਾਡੇ ਭੋਲੇ ਭਾਉ (ਪ੍ਰੇਮ) ਦਾ ਹੀ ਭੁਖਾ ਹੈ ਅਤੇ ਧੰਨੇ ਨੂੰ ਜੇ ਪਥਰ ਵਿਚੋਂ ਰਬ ਲਭਾ ਤਾਂ ਭੋਲੇ ਭਾਉ ਕਰਕੇ।

ਇਥੇ ਇਕ ਬੜਾ ਸੁਆਦਲਾ ਪ੍ਰਸ਼ਨ ਉਠਦਾ ਹੈ ਕਿ ਅਾਰ ਧੰਨੇ ਜੀ ਨੂੰ ਰਬ ਬੁਤ ਪੂਜਾ ਰਾਹੀਂ ਹੀ ਮਿਲਿਆ, ਤਾਂ ਫਿਰ ਬੁਤ ਪੂਜਾ ਕੋਈ ਮਾੜੀ ਚੀਜ਼ ਤਾਂ ਨਹੀਂ? ਗੁਰਮਤਿ ਵਿਚ ਇਸ ਦਾ ਖੰਡਨ ਕਿਉਂ ਕੀਤਾ ਗਿਆ ਹੈ? ਅਤੇ ਗੁਰੂ ਅਰਜਨ ਸਾਹਿਬ ਨੇ ਇਹੋ ਜਿਹੇ ਮੂਰਤੀ ਪੂਜਾ ਭਗਤ ਦੀ

www.AKJ.Org

ਬਾਣੀ ਨੂੰ ਪਾਵਨ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਸਥਾਨ ਕਿਉਂ ਦਿਤਾ?

ਭਗਤ ਧੰਨਾ ਜੀ ਨੇ ਮੂਰਤੀ ਪੂਜਾ ਕਰਦੇ ਹੋਏ ਭੀ ਮੂਰਤੀ ਪੂਜਾ ਨਹੀਂ ਕੀਤੀ। ਇਹ ਤਾਂ ਠੀਕ ਹੀ ਹੈ ਕਿ ਉਹਨਾਂ ਦਾ ਮੁਢਲਾ ਗੁਰੂ ਤ੍ਰਿਲੋਚਨ ਨਾਮ ਦਾ ਬ੍ਰਾਹਮਣ ਸੀ, ਜਿਸਨੇ ਭਾਵੇਂ ਮਗਰੋਂ ਲਾਹੁਣ ਖਾਤਰ ਹੀ ਉਹਨਾਂ ਨੂੰ ਮੋਟਾ ਸਾਰਾ ਪਥਰ ਲਪੇਟ ਕੇ ਦੇ ਦਿਤਾ ਅਤੇ 'ਗੁਰਮੰਤਰ' ਦੇ ਕੇ ਠਾਕਰ ਦੀ ਸੇਵਾ-ਭਗਤੀ ਦੀ ਵਿਧੀ ਸਮਝਾਈ।

ਪਰ ਉਹ ਕੋਈ ਮੂਰਤੀ ਨਹੀਂ ਸੀ ਅਤੇ ਬ੍ਰਾਹਮਣ ਨੇ ਕੋਈ ਮੂਰਤੀ ਉਸਨੂੰ ਨਹੀਂ ਦਿਤੀ। ਧੰਨਾ ਜੀ ਨੇ ਤਾਂ ਪਥਰ ਨੂੰ ਪਥਰ ਜਾਣਿਆ ਹੀ ਨਹੀਂ। ਸਿਦਕ ਵੇਖੋ! ਉਹਨਾਂ ਨੇ ਪੱਥਰ ਨੂੰ ਪ੍ਰਮੇਸ਼ਰ ਕਰਕੇ ਮੰਨਿਆ, ਤੇ ਅਗਲੇ ਦਿਨ ਆਪਣੇ ਪ੍ਰੇਮਾ ਭਾਉ ਦੇ ਪਰਤਾਪ ਨਾਲ ਪਰਮਾਤਮਾ ਨੂੰ ਪਰਤਖ ਹੋਣ ਲਈ ਮਜਬੂਰ ਕਰ ਦਿਤਾ। "ਮਿਲ ਪ੍ਰਤਖਿ ਗੁਸਾਈਆਂ ਧੰਨਾ ਵਡਭਾਗਾ ॥" ਗੁਰੂ ਅਰਜਨ ਦੇਵ ਜੀ ਗਵਾਹੀ ਦੇ ਰਹੇ ਹਨ। ਮੂਰਤੀ ਪੂਜਾ ਵਾਲੇ ਵਿਚਾਰੇ ਠਾਕਰਾਂ ਨੂੰ ਵਿਧੀ-ਵਤ ਇਸ਼ਨਾਨ ਕਰਾਂਦੇ ਹੀ ਰਹਿ ਗਏ। ਉਮਰਾਂ ਲੰਘ ਗਈਆਂ, ਠਾਕਰ ਜੀ ਨੂੰ ਭੋਗ ਲਗਵਾਂਦਿਆਂ, ਪਰ ਉਹੋ ਜਿਹਾ ਭੋਗ ਕਿਸੇ ਨੇ ਨਹੀਂ ਲਵਾਇਆ ਜੋ ਧੰਨਾ ਜੀ ਨੇ ਗੁਸਾਈਂ-ਵਾਹਿਗੁਰੂ ਜੀ ਨੂੰ ਸਾਂਗੋ ਪਾਂਗ ਦੀਦਾਰੇ ਕਰਕੇ ਲਗਵਾਇਆ।

ਭਾਵੇਂ ਧੰਨਾ ਜੀ ਦਾ ਆਲਾ ਦੁਆਲਾ ਠਾਕਰ ਪੂਜਾ ਦਾ ਸੀ, ਪਰ ਉਸਦੇ ਹਿਰਦੇ ਦੀ ਸ਼ਰਧਾ, ਵਿਸ਼ਵਾਸ ਤੇ ਪ੍ਰੇਮ ਨੇ ਪਥਰ ਦੇ ਠਾਕਰ ਵਿਚ ਜਾਨ ਪਾ ਦਿਤੀ। ਪਰੰਪਰਾਗਤ ਠਾਕਰ ਪੂਜਾ ਦੇਖਦੇ ਹੀ ਰਹਿ ਗਏ। ਸਚ ਮੁਚ ਜੇ ਸਾਡੇ ਕਠੋਰ ਮਨਾਂ ਅੰਦਰ ਭੀ ਇਹੋ ਜਿਹਾ ਸਿਦਕ ਕਿਤੇ ਬਝ ਜਾਏ, ਵਾਹਿਗੁਰੂ ਕਰੇ ਸਾਡੀਆਂ ਸਭੇ ਸਆਣਪਾਂ ਉਡ ਜਾਣ ਤੇ ਸਾਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਹੀ ਜੋਤ ਝਿਲ ਮਿਲ ਝਿਲ ਮਿਲ ਕਰਦੀ ਸਾਖਸ਼ਾਤਕਾਰ ਹੋ ਜਾਵੇ। ਪਰ ਅਸੀਂ ਸਾਰੇ ਧੰਨਾ ਜੀ ਵਰਗੇ ਭੋਲੇ ਨਹੀਂ। ਬੜੇ ਚਤੁਰ ਤੇ ਸਿਆਣੇ ਹਾਂ। ਇਸ ਲਈ ਸਾਡੇ ਮਨ ਨਹੀਂ ਭਿਜਦੇ। ਇਸ ਕਰਕੇ ਅਸੀਂ ਕੋਰੇ ਦੇ ਕੋਰੇ ਹੀ ਰਹਿ ਜਾਂਦੇ ਹਾਂ। ਉਹ ਤਾਂ ਪਥਰ ਸੀ, ਪਰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਤਾਂ ਦਸਾਂ ਪਾਤਸ਼ਾਹੀਆਂ ਦੀ ਜੋਤ ਹਨ ਅਤੇ ਸ਼ਬਦ ਸਰੂਪ ਹਨ।

ਅਨੇਕਾਂ ਗੁਰੂ ਪਿਆਰਿਆਂ ਨੇ ਪ੍ਰੇਮ ਭਗਤੀ ਨਾਲ ਜੋਤ ਦੇ ਦਰਸ਼ਨ

www.AKJ.Org

ਦੀਦਾਰੇ ਕੀਤੇ ਹਨ । ਗਲ ਸਿਰਫ ਐਨੀ ਹੈ ਕਿ—

ਮਿਲਦਿਆਂ ਢਿਲ ਨ ਹੋਵਈ ਜੇ ਨੀਅਤ ਰਾਸ ਕਰੇ ॥

ਗੁਰੂ ਅਰਜਨ ਦੇਵ ਜੀ ਨੇ ਸਾਡੇ ਉਪਰੋਕਤ ਸ਼ੰਕਿਆਂ ਨੂੰ ਨਵਿਰਤ ਕਰਨ ਲਈ ਆਪਣੇ ਸ਼ਬਦ ਰਾਹੀਂ ਆਸਾ ਰਾਗ ਵਿਚ ਫੁਰਮਾਇਆ ਹੈ ਕਿ ਭਗਤ ਧੰਨਾ ਜੀ ਨੇ ਪ੍ਰਭੂ ਪਿਤਾ ਦੀ ਬਹੁਤ ਉਸਤਤ ਸੁਣੀ ਹੋਈ ਸੀ ਕਿ ਕਿਵੇਂ ਭਗਤ ਨਾਮ ਦੇਉ ਜੀ, ਭਗਤ ਰਵਿਦਾਸ ਜੀ, ਭਗਤ ਕਬੀਰ ਜੀ, ਭਗਤ ਸੈਨ ਨਾਈ ਇਹ ਚਾਰੇ ਮਹਾਨ ਭਗਤ ਨੀਚ ਕੁਲਾਂ ਵਿਚੋਂ ਹੁੰਦੇ ਹੋਏ ਭੀ ਪਰਵਾਨ ਭਏ । ਧੰਨੇ ਜੀ ਨੂੰ ਭੀ ਹੌਂਸਲਾ ਹੋਇਆ ਕਿ ਜ਼ਰੂਰ ਪ੍ਰਭੂ ਪਿਤਾ ਸਭ ਜਾਤੀ ਤੇ ਵਰਣ ਦੇ ਲੋਕਾਂ ਨੂੰ ਆਪਣੇ ਗਲੇ ਲਗਾ ਲੈਂਦਾ ਹੈ। ਜੋ ਭੀ ਸਚ ਦਿਲੋਂ ਪ੍ਰੇਮ ਕਰੇ । ਮਹਾਰਾਜ ਫੁਰਮਾਂਦੇ ਹਨ:

ਗੋਬਿੰਦ ਗੋਬਿੰਦ ਗੋਬਿੰਦ ਸੰਗ ਨਾਮਦੇਉ ਮਨੁ ਲੀਣਾ ।
ਆਢ ਦਾਮ ਕੋ ਛੀਪਰੋ ਹੋਇਓ ਲਾਖੀਣਾ ॥ ਰਹਾਉ ॥ ੧ ॥
ਬੁਨਨਾ ਤਨਨਾ ਤਿਆਗਿ ਕੈ, ਪ੍ਰੀਤ ਚਰਨ ਕਬੀਰਾ ॥
ਨੀਚਕੁਲਾ ਜੋਲਾਹਰਾ ਭਇਓ ਗੁਨੀਯ ਗਹੀਰਾ ॥੧॥
ਰਵਿਦਾਸ ਢੁਵੰਤਾ ਢੋਰ ਨੀਤਿ ਤਿਨ ਤਿਆਗੀ ਮਾਇਆ ॥
ਪਰਗਟ ਹੋਆ ਸਾਧ ਸੰਗਿ, ਹਰਿ ਦਰਸਨੁ ਪਾਇਆ ॥ ੨ ॥
ਸੈਨੁ ਨਾਈ ਬੁਤਕਾਰੀਆ ਓਹੁ ਘਰਿ ਘਰਿ ਸੁਨਿਆ ॥
ਹਿਰਦੇ ਵਸਿਆ ਪਾਰਬ੍ਰਹਮ, ਭਗਤਾ ਮਹਿ ਗਨਿਆ ॥ ੩ ॥

*ਇਹ ਬਿਧਿ ਸੁਨ ਕੈ ਜਾਟਰੋ ਉਠਿ ਭਗਤੀ ਲਾਗਾ ॥*
*ਮਿਲੇ ਪ੍ਰਤਖਿ ਗੁਸਾਈਆ, ਧੰਨਾ ਵਡਭਾਗਾ ॥ ੪ ॥ ੨ ॥*

*[ਮਹੱਲਾ ੫, ਪੰਨਾ ੪੮੭]*

ਗੁਰੂ ਮਹਾਰਜ ਜੀ ਨੇ ਬ੍ਰਾਹਮਣ ਵਾਲੀ ਕਥਾ ਦਾ ਪਿਛੋਕੜ ਦਸਿਆ ਹੈ ਤੇ ਇਸ ਗਲ ਤੇ ਜ਼ੋਰ ਦਿਤਾ ਹੈ ਕਿ "ਇਹ ਬਿਧਿ ਸੁਨਿ ਕੈ ਜਾਟਰੋ ਉਠਿ ਭਗਤੀ ਲਾਗਾ" ॥ ਇਕ ਥਾਂ ਹੋਰ ਮਹਾਰਾਜ ਜੀ ਨੇ ਫ਼ੁਰਮਾਇਆ ਹੈ "ਧਨੈ ਸੇਵਿਆ ਬਾਲ ਬੁਧ।" ਅਤੇ ਇਹੋ ਗਲ ਭਾਈ ਗੁਰਦਾਸ ਜੀ ਭੀ ਕਹਿ ਰਹੇ ਹਨ : "ਭੋਲਾ ਭਾਉ ਗੋਬਿੰਦ ਮਿਲਾਵੈ ॥"

www.AKJ.Org

ਇਸ ਲਈ ਧੰਨੇ ਜੀ ਦੀ ਠਾਕਰ ਭਗਤੀ ਦਾ ਆਧਾਰ 'ਬਾਲ-ਬੁਧ' ਸੀ। ਨਿਰਕਪਟ ਅਤੇ ਨਿਰਛਲ, ਸਿਆਣਪਾਂ ਤੋਂ ਰਹਿਤ ਸੁਧ ਹਿਰਦੇ ਨਾਲ ਆਪ ਨੇ 'ਮੂਰਤੀਮਾਨ ਠਾਕਰ' ਵਿੱਚ ਸਰਬ ਵਿਆਪੀ ਅਕਾਲ ਪੁਰਖ ਦੇ ਦਰਸ਼ਨ ਕੀਤੇ। ਇਥੇ ਚੇਤਾ ਰਹੇ ਕਿ ਧੰਨੇ ਨੇ ਕੇਵਲ ਅਕਾਲ ਪੁਰਖ ਦੀ ਪੂਜਾ ਕੀਤੀ ਹੈ ਨ ਕਿ ਕਿਸੇ ਦੇਵੀ ਦੇਵਤੇ ਦੀ। ਇਸ ਲਈ ਆਪ ਨੂੰ ਗੁਰਬਾਨੀ ਅੰਦਰ ਸਤਿਕਾਰ ਦਾ ਅਸਥਾਨ ਮਿਲਿਆ।

ਇਸੇ ਤਰ੍ਹਾਂ ਜਿਸ ਮੂਰਤੀ ਪੂਜਾ ਦਾ ਗੁਰਬਾਣੀ ਅੰਦਰ ਖੰਡਨ ਕੀਤਾ ਗਿਆ ਹੈ ਉਹ ਤੇ ਹੁਣ ਭੀ ਸਹੀ ਹੈ। ਆਮ ਮੂਰਤੀ ਪੂਜਾ ਇਕ ਕਰਮ-ਕਾਂਡ ਹੀ ਬਣ ਕੇ ਰਹਿ ਗਿਆ ਹੈ ਜਿਸ ਨਾਲ ਆਤਮਾ ਦੀ ਭੁਖ ਕਦੇ ਨਹੀਂ ਲਹਿੰਦੀ ਅਤੇ ਨਾ ਹੀ ਜਗਿਆਸੂ ਬਹੁਤੀ ਤਰੱਕੀ ਕਰਦਾ ਹੈ। ਧੰਨੇ ਦਾ ਕੇਸ ਬੜਾ ਵਿਚਿਤਰ ਹੈ ਉਹਨਾਂ ਦਾ ਆਧਾਰ ਮੂਰਤੀ ਪੂਜਾ ਨਾ ਸੀ, ਇਕ ਦੋ ਦਿਨਾਂ ਵਿਚ ਹੀ ਠਾਕਰ ਜੀ ਨੂੰ ਮਨਾ ਕੇ ਪਰਸ਼ਾਦ ਛਕਾ ਕੇ ਹੀ ਦੰਮ ਲਿਆ, ਜਿਵੇਂ ਨਾਮਦੇਵ ਜੀ ਨੇ ਥੋੜੇ ਜਿਹੇ ਸਮੇਂ ਵਿਚ ਕੁਝ ਘੰਟਿਆਂ ਵਿਚ ਹੀ ਗੋਬਿੰਦ ਰਾਏ ਜੀ (ਨਾਨਾ ਜੀ ਦੇ ਠਾਕਰ ਜੀ ਨੂੰ) ਆਪਣੇ ਪ੍ਰੇਮ ਦੇ ਤੇਜ ਨਾਲ ਦੁਧ ਪਿਆਇਆ। ਜਦੋਂ ਵਾਹਿਗੁਰੂ ਜੀ ਦੇ ਪਰਤਖ ਦਰਸ਼ਨ ਹੋ ਗਏ ਫਿਰ ਮੂਰਤੀਆਂ ਆਪਣੀ ਆਪਣੀ ਥਾਂ ਧਰੀਆਂ ਰਹਿ ਗਈਆਂ। ਨਿਤ ਦੇ ਠਾਕਰਾਂ ਦੇ ਇਸ਼ਨਾਨ ਤੇ ਭੋਗ ਲਗਵਾਣੇ ਉਹਨਾਂ ਲਈ ਖਤਮ ਹੋ ਗਏ। ਇਹ ਤਾਂ ਉਹ ਕਰਨ ਜਿਨਾਂ ਦਾ ਅਜੇ ਪੱਕਾ ਨਿਚਸਾ ਨਹੀਂ ਬੈਠਾ ਕਿ ਮੂਰਤੀ ਵਿਚ ਰੱਬ ਹੈ। ਧੰਨਾ ਜੀ ਦੀ ਸਖਸ਼ੀਅਤ ਵੇਖੋ ਬ੍ਰਾਹਮਣ ਨੂੰ ਗੁਰੂ ਧਾਰ ਕੇ ਸਿਦਕ ਨਾਲ ਮੋਟੇ ਪਥਰ ਨੂੰ ਬੁਕਲ ਵਿਚ ਲੈ ਘਰ ਆਇਆ ਤੇ ਅਗਲ ਦਿਨ ਹੀ ਠਾਕਰ ਜੀ ਨੂੰ ਮਿਲ ਪਿਆ। ਉਹ ਪੰਡਤ ਵਿਚਾਰਾ ਆਪਣੀ ਥਾਂ ਸਿਆਣਪਾਂ ਵਿਚ ਡੁਬਿਆ ਹੀ ਰਿਹਾ ਸਾਰੀ ਉਮਰ 'ਬੁਤ ਪੂਜ ਪੂਜ'' ਖਪ ਗਿਆ। ਮੂਰਤੀ ਪੂਜਾ ਕਿਸਨੇ ਕੀਤੀ। ਧੰਨੇ ਜਾਂ ਪੰਡਤ ਨੇ ?

ਭਗਤ ਧੰਨਾ ਜੀ ਦਾ ਸਿਦਕ ਵੇਖਣ ਵਾਲਾ ਹੈ। ਇਵੇਂ ਜਿਵੇਂ ਨਾਮਦੇਉ ਜੀ ਨੂੰ ਜਦੋਂ ਗੋਬਿੰਦ ਰਾਏ ਖੁਸ਼ ਹੋ ਕੇ ਮਿਲੇ ਤਾਂ ਅਜੇ ਤ੍ਰਿਲੋਚਨ ਜੀ ਸਿਆਣਪਾਂ

www.AKJ.Org

ਦੇ ਸਮੁੰਦਰ ਵਿਚ ਗੋਤੇ ਖਾਂਦੇ ਸਨ। ਪਰ ਮਿਤਰ ਵਿਚੋਲੇ ਨੇ ਕਿਰਪਾ ਕਰ ਦਿਤੀ ਤੇ ਪਾਰ ਉਤਾਰਾ ਹੋਇਆ।

ਕਹਿੰਦੇ ਹਨ ਧੰਨੇ ਜੀ ਨੂੰ ਜਦੋਂ ਪ੍ਰਭੂ ਦੇ ਦਰਸ਼ਨ ਹੋ ਗਏ। ਉਹਨਾਂ ਨੇ ਆਪਣੇ ਠਾਕਰ ਪਾਸੋਂ ਮਨ ਦੀਆਂ ਪਦਾਰਥਕ ਲੋੜਾਂ ਪੂਰਨ ਕਰਵਾਈਆਂ। ਕੋਈ ਕਹਿੰਦਾ ਹੈ ਹਲ ਚਲਵਾਏ, ਕੋਈ ਕਹਿੰਦਾ ਹੈ ਭਗਵਾਨ ਕੋਲੋਂ ਨੌਕਰਾਂ ਵਾਲਾ ਕੰਮ ਲਿਆ। ਜੇ ਰਬ ਨੇ ਧੰਨੇ ਦੇ ਹਲ ਭੀ ਵਾਹੇ ਤਾਂ ਇਹ ਧੰਨਾ ਤੇ ਠਾਕਰ ਜੀ ਦਾ ਨਿਜੀ ਮਸਲਾ ਹੈ, ਅਸੀਂ ਅਕਲਾਂ ਵਾਲੇ (manners) ਸੁਚਜੇ ਤੌਰ ਤਰੀਕਿਆਂ ਦੀ ਕੈਦ ਵਿਚ ਹੁੰਦੇ ਹਾਂ। ਅਸੀਂ ਦ੍ਵੈਤ ਭਾਵ ਵਾਲੇ ਹਾਂ। ਸਾਨੂੰ ਮਾੜਾ ਲਗਦਾ ਹੈ ਕਿ ਧੰਨੇ ਨੇ ਰਬ ਤੋਂ ਜ਼ਿਮੀਦਾਰੇ ਦਾ ਡਾਢਾ ਔਖਾ ਕੰਮ ਲਿਆ। ਪਰ ਇਹ ਤਾਂ ਭਗਤ ਜਾਣਨ ਤੇ ਉਹਨਾਂ ਦੇ ਗੋਬਿੰਦ ਜੀ। "ਤੋਹੀ ਮੋਹੀ, ਮੋਹੀ ਤੋਹੀ ਅੰਤਰ ਕੈਸਾ" ਦੀਆਂ ਜਿਥੇ ਖੁਲੀਆਂ ਗਲਾਂ ਹੁੰਦੀਆਂ ਹੋਣ ਉਥੇ ਫਿਰ ਪ੍ਰੇਮ ਵਸ ਹੋਇਆ ਕੰਤ ਆਪਣੇ ਪਿਆਰਿਆਂ ਦੇ ਕਾਰਜ ਕਿਵੇਂ ਨ ਰਾਸ ਕਰੇ। ਉਸਨੂੰ ਭੀ ਜ਼ਿਮੀਦਾਰਾ ਕਰਕੇ, ਆਪਣੇ ਭਗਤਾਂ ਦੇ ਨੀਚ ਤੋਂ ਨੀਚ ਕਿੱਤੇ ਕੰਮ ਕਰਕੇ ਜੋ ਸਵਾਦ ਆਉਂਦਾ ਹੈ ਉਹ ਠਾਕਰ-ਦੁਵਾਰਿਆਂ ਦੇ ਚੂਰਮੇਂ ਪ੍ਰਸ਼ਾਦਾਂ ਵਿਚ ਨਹੀਂ ਆਉਂਦਾ। ਮੌਜੂਦਾ ਸਮੇਂ ਦੇ ਮਹਾਨ ਸਿਖ ਸੰਤ ਬਾਬਾ ਅੱਤਰ ਸਿੰਘ ਜੀ ਹੋਰਾਂ ਲਈ ਜਦੋਂ ਪ੍ਰੀਤਮ ਜੀ ਨੇ ਰਾਤ ਪਹਿਰਾ ਦਿਤਾ ਸੰਤਰੀ ਬਣਕੇ, ਸੰਤ ਜੀ ਨੌਕਰੀ ਛਡ ਕੇ ਆ ਗਏ ਸਨ। ਸੋ ਇਹ ਤਾਂ ਚੋਜ ਹਨ, ਜੋ ਭਗਤਾਂ ਤੇ ਰਬ ਵਿਚਕਾਰ ਹੁੰਦੇ ਆਏ ਹਨ।

ਗੁਰਬਾਣੀ ਅੰਦਰ ਭਗਤਾਂ ਦੇ ਇਹੋ ਜਿਹੇ ਚੋਜ ਦਿਤੇ ਗਏ ਹਨ। ਇਕ ਥਾਂ ਕਬੀਰ ਜੀ ਦੀ ਅਰਦਾਸ (ਮੰਗਾਂ) ਅਤੇ ਭਗਤ ਧੰਨਾ ਜੀ ਦੀ ਅਰਦਾਸ ਐਨ ਮਿਲਦੀ ਜਿਹੀ ਹੈ। ਕਬੀਰ ਜੀ ਰਾਗੁ ਸੋਰਠ (ਪੰਨਾ 656) ਤੇ ਗੋਬਿੰਦ ਜੀ ਨੂੰ ਪਏ ਕਹਿੰਦੇ ਹਨ। ਇਹ ਉਹੀ ਕਹਿ ਸਕਦੇ ਹਨ। ਸਾਡਾ ਤਾਂ ਮੂੰਹ ਵੀ ਨਹੀਂ ਉਹੋ ਜਿਹਾ।

ਭੂਖੇ ਭਗਤਿ ਨ ਕੀਜੈ। ਯਹ ਮਾਲਾ ਅਪਨੀ ਲੀਜੈ॥
ਹਉ ਮਾਂਗਉ ਸੰਤਨ ਰੇਨਾ। ਮੈਂ ਨਾਹੀ ਕਿਸੀ ਕਾ ਦੇਨਾ॥
ਮਾਧੋ ਕੈਸੀ ਬਨੈ ਤੁਮ ਸੰਗੇ। ਆਪਿ ਨ ਦੇਹੁ ਤ ਲੇਵਉ ਮੰਗੇ॥ ਰਹਾਉ॥

www.AKJ.Org

ਦੁਇ ਸੇਰ ਮਾਗਉ ਚੂਨਾ । ਪਾਉ ਘਿਉ ਸੰਗਿ ਲੂਨਾ ॥
ਅਧ ਸੇਰ ਮਾਗਉ ਦਾਲੇ । ਮੋ ਕਉ ਦੋਨਉ ਵਖਤ ਜਿਵਾਲੇ ॥ ੨ ॥
ਖਾਟ ਮਾਗਉ ਚਉਪਾਈ । ਸਿਰਹਾਨਾ ਅਵਰ ਤੁਲਾਈ ॥
ਉਪਰ ਕਉ ਮਾਂਗਉ ਖੀਧਾ । ਤੇਰੀ ਭਗਤ ਕਰੈ ਜਨੁ ਥੀਂਧਾ ॥
ਮੈਂ ਨਾਹੀ ਕੀਤਾ ਲਬੋ । ਇਕ ਨਾਉ ਤੇਰਾ ਮੈਂ ਫਬੋ ॥
ਕਹਿ ਕਬੀਰ ਮਨੁ ਮਾਨਿਆ । ਮਨੁ ਮਾਨਿਆ ਤਉ ਹਰਿ ਜਾਨਿਆ ।੪।੧੧॥

ਸ਼ਬਦ ਅਰਥ :—

ਚੂਨਾ—ਆਟਾ । ਖਾਟ—ਮੰਜੀ । ਖੀਦਾ—ਲੇਫ । ਥੀਂਧਾ—ਨਿਹਾਲ ਹੋ ਕੇ। ਲਬੋ—ਲੋਭ ।

ਇਹ ਸਭ ਕੁਝ ਮੰਗ ਕੇ ਕਬੀਰ ਜੀ ਕਹਿੰਦੇ ਹਨ ਮੈਂ ਕੋਈ ਲੋਭ ਨਹੀਂ ਕੀਤਾ । ਮੈਂ ਤਾਂ ਤੇਰੀ ਭਗਤੀ ਕਰਨ ਲਈ ਰਾਸ਼ਨ ਪਾਣੀ ਮੰਗਦਾ ਹਾਂ । ਜੇ ਤੂੰ ਆਪੇ ਨਹੀਂ ਦਿੰਦਾ ਤਾਂ ਮੈਂ ਮੰਗ ਹੀ ਲੈਂਦਾ ਹਾਂ । ਪਰ ਇਸ ਸ਼ਬਦ ਦੀ ਅੰਤਮ ਤੁਕ ਵਿਚ ਬੜਾ ਵਜ਼ਨ ਹੈ। ਜੇ ਮਨ ਰਾਜ਼ਾ ਮਨ ਜ਼ਾਏ ਕਿ ਹਰੀ ਹੈ ਫ਼ੇਰ ਤਾਂ ਰੱਬ ਦਾ ਪਾਉਣਾ ਔਖਾ ਨਹੀਂ ਫਿਰ ਤਾਂ ਪਾ ਲਿਆ ਕਿ । ਹੁਣ ਧੰਨਾ ਜੀ ਦੇਖੋ, ਕਿਵੇਂ ਆਰਤਾ (ਭਿਖਾਰੀ) ਬਣ ਕੇ ਮੰਗਦੇ ਪਏ ਹਨ ।

ਗੋਪਾਲ ਤੇਰਾ ਆਰਤਾ । ਜੋ ਜਨ ਤੁਮਰੀ ਭਗਤ ਕਰੰਤੇ ਤਿਨ ਕੇ ਕਾਜ ਸਵਾਰਤਾ ॥ ੧ ॥ ਰਹਾਉ ॥ ਆਰਤਾ—ਭਿਖਾਰੀ ।
ਦਾਲਿ ਸੀਧਾ ਮਾਗਉ ਘੀਉ । ਹਮਰਾ ਖੁਸੀ ਕਰੈ ਨਿਤ ਜੀਉ ॥ ਸੀਧਾ—ਆਟਾ ।
ਪਨੀਆ ਛਾਦਨੁ ਨੀਕਾ । ਅਨਾਜੁ ਮਗਉ ਸਤ ਸੀਕਾ ॥ ੧ ॥ ਪਨੀਆ—ਜੁਤੀ।
ਛਾਦਨ—ਕਪੜਾ । ਸਤਸੀਕਾ - ਸਤ ਵਾਰੀ ਵਾਹ ਕੇ ਉਗਾ ਇਆ ਅੰਨ ।
ਗਊ ਭੈਸ ਮਗਉ ਲਾਵੇਰੀ । ਇਕ ਤਾਜਨਿ ਤੁਰੀ ਚੰਗੇਰੀ ॥ ਤੁਰੀ—ਘੋੜੀ ।
ਘਰ ਕੀ ਗਹਿਨ ਚੰਗੀ । ਜਨੁ ਧੰਨਾ ਲੇਵੈ ਮੰਗੀ ॥ ੨ ॥ ੧ ॥
(ਰਾਗ ਧਨਾਸਰੀ ਧੰਨਾ ਜੀ)

ਮੰਗਣ ਮੰਗਣ ਵਿਚ ਫਰਕ ਹੈ। ਧੰਨੇ ਜੋ ਦੀਆਂ ਉਪਰੋਕਤ ਮੰਗਾਂ ਉਹਨਾਂ ਦੇ ਅਕਾਲ ਪੁਰਖ ਨਾਲ ਨਿਜੀ ਗੂੜੇ ਸੰਬੰਧ ਹਨ । ਜਿਨ੍ਹਾਂ ਤੋਂ ਅਸੀਂ ਪਰਦਾ ਨਹੀਂ ਚੁਕ ਸਕਦੇ ਪਰ ਅਰਦਾਸ ਦਾ ਆਧਾਰ ਨਿਰਾ ਪਿਆਰ ਹੀ

www.AKJ.Org

ਪਿਆਰ ਹੈ ਅਤੇ ਇਸ ਅਵਸਥਾ ਦਾ ਗੁਰੂ ਅਰਜਨ ਦੇਵ ਜੀ ਨੇ ਇਉਂ ਵਰਨਨ ਕੀਤਾ ਹੈ :

ਬਾਰਕ ਵਾਂਗੀ ਹਉ ਸਭ ਕਿਛ ਮੰਗਾ। ਦੇ ਦੇ ਤੋਟ ਨਾਹੀ ਪ੍ਰਭ ਰੰਗਾ ॥
ਪੈਰੀ ਪੈ ਪੈ ਬਹੁਤ ਮਨਾਈ ਦੀਨ ਦਇਆਲ ਗੋਪਾਲਾ ਜੀਉ ॥
(ਮਾਝ ਮਹਲਾ ੫ ਪੰਨਾ )

ਤੇ ਧੰਨੇ ਜੀ ਨੇ ਸੇਵਿਆ ਤਾਂ ਬਾਰਕ ਬਣਕੇ। ਉਹਨਾਂ ਦੀਆਂ ਇਹ ਮੰਗਾਂ ਕਿਵੇਂ ਨਾ ਪੂਰਨ ਹੁੰਦੀਆਂ।

ਧੰਨਾ ਜੀ ਦਾ ਦ੍ਰਿੜ ਨਿਸਚਾ ਹੇਠ ਦਿਤੇ ਸ਼ਬਦ ਵਿਚ ਵੇਖਣ ਵਾਲਾ ਹੈ। ਇਉਂ ਲਗਦਾ ਹੈ ਆਪਣੇ ਆਪ ਨੂੰ ਨਹੀਂ ਸਗੋਂ ਸਾਨੂੰ ਅਕਲਾਂ ਵਾਲਿਆਂ ਨੂੰ ਕਹਿ ਰਹੇ ਹਨ।

ਰੇ ਚਿਤ, ਚੇਤਸਿ ਕੀ ਨ ਦਯਾਲ ਦਮੋਦਰ, ਬਿਬਹਿ ਨ ਜਾਨਸਿ ਕੋਈ ॥
ਜੇ ਧਾਵਹਿ ਬ੍ਰਹਮੰਡ ਖੰਡ ਕਉ ਕਰਤਾ ਕਰੈ ਸੁ ਹੋਈ ॥ ਰਹਾਉ ॥
ਜਨਨੀ ਕੇਰੇ ਉਦਰ ਉਦਕ ਮਹਿ ਪਿੰਡ ਕੀਆ ਦਸ ਦੁਆਰਾ ॥
ਦੇਇ ਅਹਾਰੁ ਅਗਨਿ ਮਹਿ ਰਾਖੈ, ਐਸਾ ਖਸਮੁ ਹਮਾਰਾ ॥ ੧ ॥
ਕੁੰਮੀ ਜਲ ਮਾਹਿ ਤਨ ਤਿਸੁ ਬਾਹਰਿ, ਪੰਖ ਖੀਰੁ ਤਿਨੁ ਨ ਹੀ ॥
ਪੂਰਨ ਪਰਮਾਨੰਦ ਮਨੋਹਰ ਸਮਝਿ ਦੇਖ ਮਨ ਮਾਹੀ ॥ ੨ ॥
ਪਾਖਣਿ ਕੀਟੁ, ਗੁਪਤੁ ਹੋਇ ਰਹਤਾ, ਤਾ ਚੋ ਮਾਰਗੁ ਨਾਹੀ ॥
ਕਹੈ ਧੰਨਾ ਪੂਰਨ ਤਾਹੂ ਕੋ, ਮਤ ਰੇ ਜੀਅ ਡਰਾਹੀ । ੩ । ੩ ।

ਹੇ ਮੇਰ ਮਨ ਤੂੰ ਕਿਉਂ ਉਸ ਦਇਆਲ ਪਰਮਾਤਮਾ ਨੂੰ ਨਹੀਂ ਸਿਮਰਦਾ? ਤੈਨੂੰ ਭੁਲੇਖਾ ਹੈ, ਵੇਖੀਂ ਕਿਸੇ ਹੋਰ ਦੀ ਆਸ ਨ ਰਖੀਂ। ਤੂੰ ਭਾਵੇਂ ਖੰਡਾਂ ਬ੍ਰਹਮੰਡਾਂ ਵਿਚ ਭੀ ਭਜਿਆ ਫਿਰ ਆਪਣੇ ਕਾਰਜ ਲਈ, ਹੋਣਾ ਤਾਂ ਉਹੀ ਹੈ ਜੋ ਕਰਤੇ ਪੁਰਖ ਨੇ ਕਰਨਾ ਹੈ।

ਮਨਾ! ਵੇਖ ਤੇ ਸਹੀ ਪ੍ਰਭੂ ਕਿੱਡਾ ਦਇਆਲੂ ਹੈ? ਉਸਨੇ ਮਾਤਾ ਦੇ ਪੇਟ ਵਿਚ ਸਾਡੇ ਸਰੀਰ ਦੀ ਨ ਕੇਵਲ ਰਚਨਾ ਬਣਾਈ ਸਗੋਂ ਪੇਟ ਅੰਦਰ ਹੀ ਅੱਗ ਵਿਚ ਸਾਨੂੰ ਉਹ ਪਾਲਦਾ ਰਿਹਾ ਹੈ ਅਤੇ ਰਖਿਆ ਕਰਦਾ ਰਿਹਾ ਹੈ।

ਕਛੂ ਕੁੰਮੀ ਅਤੇ ਉਸਦੇ ਬਚਿਆਂ ਵਲ ਇਸ਼ਾਰਾ ਕਰਦਿਆਂ ਧੰਨਾ ਜੀ

www.AKJ.Org

ਪ੍ਰਭੂ ਪਿਤਾ ਦੇ ਪਾਲਨਹਾਰ ਹੋਣ ਦਾ ਪਰਸੰਗ ਦਸਦੇ ਹਨ ਕਿ ਕਛੂ-ਕੁੰਮੀ ਆਪਣੇ ਬੱਚੇ ਤਾਂ ਪਾਣੀ ਤੋਂ ਬਾਹਰ ਛਡ ਆਉਂਦੀ ਹੈ ਅਤੇ ਆਪ ਪਾਣੀ ਵਿਚ ਰਹਿੰਦੀ ਹੈ। ਉਸਦੇ ਬਚਿਆਂ ਦੇ ਨ ਤਾਂ ਖੰਭ ਹਨ, ਉਡ ਕੇ ਕੁਝ ਖਾ ਲੈਣ ਅਤੇ ਨ ਹੀ ਕਛੂ ਕੁੰਮੀ ਦ ਥਣ ਹੁੰਦੇ ਹਨ ਜੋ ਆਪਣੇ ਬਚਿਆਂ ਨੂੰ ਚੁੰਘਾ ਸਕੇ। ਫਿਰ ਉਹਨਾਂ ਨੂੰ ਕੌਣ ਪਾਲਦਾ ਹੈ ਮਨ ? ਤਨੂੰ ਅਜੇ ਨਿਸਚਾ ਨਹੀਂ ਆਇਆ ਕਿ ਪਰਮ ਪਿਤਾ ਪਰਮਾਤਮਾ ਹੀ ਉਹਨਾਂ ਦੀ ਪਾਲਣਾ ਕਰਦਾ ਹੈ।

ਪਥਰ ਅੰਦਰ ਕੀੜੇ ਵਲ ਦੇਖ ਕਿਸ ਤਰ੍ਹਾਂ (ਗੁਪਤ) ਲੁਕ ਕੇ ਉਹ ਰਹਿੰਦਾ ਹੈ। ਉਸਨੂੰ ਬਾਹਰ ਆਉਣ ਲਈ ਕੋਈ ਰਸਤਾ ਨਹੀਂ। ਹੇ ਮਨ ! ਤੈਨੂੰ ਅਜੇ ਭੀ ਡਰ ਹੈ, ਉਸ ਪਥਰ ਅੰਦਰ ਬੰਦ ਕੀੜੇ ਨੂੰ ਵੇਖ ਉਸਦੀ ਪਾਲਨਾ ਭੀ ਪ੍ਰਭੂ ਪਰਮਾਤਮਾ ਕਰਦਾ ਹੈ। ਕੀ ਤੇਰੀ ਪਾਲਨਾ ਨਹੀਂ ਕਰੇਗਾ ?

ਧੰਨਾ ਜੀ ਦਾ ਦ੍ਰਿੜ ਨਿਸਚਾ ਤੇ ਉਹਨਾਂ ਦਾ ਭੋਲੇ ਪਨ ਰਾਹੀਂ, ਪੂਰਨ ਪ੍ਰੇਮਾ ਭਗਤੀ ਨਾਲ ਵਾਹਿਗੁਰੂ ਜੀ ਨੂੰ ਮਿਲਣ ਦੀ ਘਟਨਾ ਸਦਾ ਰੋਸ਼ਨ-ਮੁਨਾਰੇ ਵਾਂਗ ਸਾਨੂੰ ਰਾਹ ਦਿਖਾਉਂਦੀ ਹੈ। ਆਓ ਅਸੀਂ ਭੀ ਆਪਣੇ ਅੰਦਰ ਧੰਨੇ ਜੀ ਵਰਗਾ ਸਿਦਕ ਅਤੇ ਪਿਆਰ ਪੈਦਾ ਕਰੀਏ। ਗੁਰਬਾਣੀ ਪੁਕਾਰ ਪੁਕਾਰ ਇਹੋ ਕਹਿ ਰਹੀ ਹੈ :

*ਸਿਦਕ ਸਬੂਰੀ ਸਾਦਿਕਾ ਸਬਰ ਤੋਸਾ ਮਲਾਇਕਾ ।*
*ਦੀਦਾਰ ਪੂਰੇ ਪਾਇਸਾ ਥਾਉ ਨਾਹੀ ਖਾਇਕਾ ॥*
*(ਮ: ੧ ਪੰਨਾ ੮੩)*

ਭਾਵ ਗੁਰੂ ਨਾਨਕ ਸਾਹਿਬ ਫੁਰਮਾ ਰਹੇ ਹਨ ਕਿ ਸਿਦਕ ਵਾਲਿਆਂ ਪਾਸ ਸਿਦਕ ਅਤੇ ਸਬਰ ਹੈ ਅਤੇ ਇਹ ਸਿਦਕ-ਸਬਰ ਰੂਪ ਤੋਸ਼ਾ (ਖਰਚ) ਦੇਵਤੇ ਪੁਰਸ਼ਾਂ ਵਾਲਾ ਹੈ। ਐਸੇ ਮਨੁਖ ਵਾਹਿਗੁਰੂ ਜੀ ਦੇ ਦਰਸ਼ਨ ਪਾਉਣਗੇ। ਪਰ (ਖਾਇਕਾਂ) ਨਿਰੀਆਂ ਗੱਪਾਂ ਮਾਰਨ ਵਾਲਿਆਂ ਨੂੰ ਕਿਤੇ ਕੋਈ ਥਾਂ ਨਹੀਂ ਲਭਣਾ।

www.AKJ.Org

# ਬਟਾਲੇ ਵਿਖੇ ਸਾਲਾਨਾ ਸਮਾਗਮ

## (ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਦਾ)

ਸਮੂਹ ਗੁਰੂ ਪਿਆਰੇ ਗੁਰਮੁਖ ਵੀਰਾਂ ਤੇ ਭੈਣਾਂ ਅਗੇ ਜੋਦੜੀ ਹੈ ਕਿ ਹਰ ਸਾਲ ਦੀ ਤਰ੍ਹਾਂ ਬਟਾਲੇ ਵਿਖੇ ਇਸ ਸਾਲ ਸਤਿਗੁਰੂ ਜੀ ਦੀ ਕਿਰਪਾ ਨਾਲ ਧੰਨ ਗੁਰੂ ਨਾਨਕ ਦੇਵ ਜੀ ਦਾ ਵਿਆਹ ਪੁਰਬ ਜ਼ਿਲਾ ਗੁਰਦਾਸਪੁਰ ਦੇ ਅਖੰਡ ਕੀਰਤਨੀ ਜਥੇ ਵਲੋਂ ਮਨਾਇਆ ਜਾ ਰਿਹਾ ਹੈ। ਜਿਸ ਵਿਚ ਅੰਮ੍ਰਿਤਸਰ, ਜਲੰਧਰ, ਲੁਧਿਆਣਾ, ਤਲਵਾੜਾ ਤੇ ਪਟਿਆਲ ਦੇ ਅਖੰਡ ਕੀਰਤਨੀ ਜਥੇ ਪਹੁੰਚ ਰਹੇ ਹਨ। ਇਸ ਵਾਸਤੇ ਆਪ ਜੀ ਸਤਿਗੁਰੂ ਜੀ ਦੇ ਵਿਆਹ ਦੇ ਪੁਰਬ ਮਨਾਉਣ ਲਈ ਆਇ ਦੀਦਾਰ ਬਖਸ਼ ਜੀ ਅਤੇ ਨਾਮ ਬਾਣੀ ਦੀਆਂ ਝੜੀਆਂ ਲਾਉ ਜੀ।

| ਤ੍ਰੀਕ | ਦਿਨ | ਟਾਈਮ | ਵੇਰਵਾ | ਅਸਥਾਨ |
|---|---|---|---|---|
| 26.8.71. | ਵੀਰਵਾਰ | 4—6 ਸਵੇਰੇ | ਅਖੰਡ ਕੀਰਤਨ ਉਪਰੰਤ ਪ੍ਰਾਰੰਭ ਸ੍ਰੀ ਅਖੰਡ ਪਾਠ | ਪੰਡਾਲ |
| ,, | | ਸਾਮ | ਸੋਦਰ ਤੋਂ ਉਪਰੰਤ ਕੀਰਤਨ | |
| 27.8 71. | ਸੁਕਰਵਾਰ | | ਅਖੰਡ ਕੀਰਤਨ | ਗੁਰਦਵਾਰਾ ਕੰਧ ਸਾਹਿਬ ਜਾਂ ਅਚਲ ਸਾਹਿਬ |
| 28. ੪. 71. | ਸਨਿਚਰਵਾਰ | ਅੰਮ੍ਰਿਤ ਵੇਲੇ 5 ਵਜੇ | ਭੋਗ ਸ੍ਰੀ ਅਖੰਡ ਪਾਠ ਉਪਰੰਤ ਕੀਰਤਨ ਦੁਪਹਿਰ ਤਕ | ਪੰਡਾਲ |
| ,, | ,, | 3 ਵਜੇ (ਦੁਪਹਿਰੇ) | ਅੰਮ੍ਰਿਤ ਸੰਚਾਰ ਸ਼ੁਰੂ । | ਪੰਡਾਲ |
| ,, | ,, | - ਵਜੇ | ਅਰੰਭ ਰੈਣ ਸਬਾਈ ਕੀਰਤਨ | |
| 29 .8. 71. | ਐਤਵਾਰ | ਸਵੇਰੇ | ਭੋਗ ਰੈਣ ਸਬਾਈ ਕੀਰਤਨ ਤੇ ਸਮਾਪਤੀ | |

**ਵਧੇਰੇ ਪੁਛ ਗਿਛ ਲਈ –**
ਭਾਈ ਗੋਪਾਲ ਸਿੰਘ,

**ਪ੍ਰਾਰਥਕ ਦਾਸਰੇ –**
ਅਖੰਡ ਕੀਰਤਨੀ ਜਥਾ ਬਟਾਲਾ,



www.AKJ.Org

ਭਾਈ ਧਰਮ ਪਾਲ ਸਿੰਘ, (ਜ਼ਿਲਾ ਗੁਰਦਾਸਪੁਰ)
ਡੇਹਰਾ ਰੋਡ, ਬਟਾਲਾ ।

ਨੋਟ :—ਪੰਡਾਲ, ਲੰਗਰ ਤੇ ਰਿਹਾਇਸ਼ ਦਾ ਪ੍ਰਬੰਧ ਗੁਰੂ ਨਾਨਕ ਖਾਲਸਾ ਹਾਇਰ ਸੈਕੰਡਰੀ ਸਕੂਲ, ਜੀ. ਟੀ. ਰੋਡ, ਗੁਰੂ ਨਾਨਕ ਨਗਰ ਵਿਖੇ ਹੋਵੇਗਾ ਜੀ ।

# ਸਹਾਇਤਾ

*ਹੇਠ ਲਿਖੇ ਸਜਣ ਸੂਰੇ ਨੂੰ ਸਿਖ ਧਰਮ ਦੀ ਸੇਵਾ ਕਰਨ ਲਈ ਸਹਾਇਤਾ ਭੇਜਦੇ ਹਨ–*

(ੳ) ਭਾਈ ਮਸਤਾ ਸਿੰਘ ਜੀ, ਇੰਗਲੈਂਡ 89 ਰੁਪਏ

(ਅ) ਭਾਈ ਸ਼ੇਰ ਸਿੰਘ ਜੀ (ਪਿਤਾ ਡਾ: ਦਰਸ਼ਨ ਸਿੰਘ ਜੀ) ਲੁਧਿਆਣਾ, ਮਾਤਾ ਬਲਵੰਤ ਕੌਰ ਜੀ ਦੇ ਸ਼ੋਕਮਈ ਚਲਾਣੇ ਤੇ । 11 ਰੁਪਏ

(ੲ) ਭਾਈ ਰਾਮ ਸਿੰਘ ਜੀ ਦੋਰਾਹਾ 11 ਰੁਪਏ

(ਸ) ਭਾਈ ਗੁਰਬਖਸ਼ ਸਿੰਘ ਜੀ ਕਾਨਪੁਰ ਆਪਣੇ ਸਪੁਤਰ ਕੈਪਟਨ ਪ੍ਰਿਥੀਪਾਲ ਸਿੰਘ ਜੀ ਦੇ ਸ਼ੁਭ ਅਨੰਦ ਕਾਰਜ ਦੀ ਖੁਸ਼ੀ ਵਿਚ । 11 ਰੁਪਏ

(ਹ) ਭਾਈ ਐਮ. ਐਸ. ਸਰਾਇ, ਇੰਗਲੈਂਡ । 89 ਰੁਪਏ

www.AKJ.Org

# ਮਾਤਾ ਬਲਵੰਤ ਕੌਰ ਜੀ ਦਾ ਸ਼ੋਕ ਮਈ ਚਲਾਣਾ

ਮਾਤਾ ਬਲਵੰਤ ਕੌਰ ਜੀ, ਮਾਸਟਰ ਸ਼ੇਰ ਸਿੰਘ ਜੀ ਦੀ ਸਪੁਤਨੀ ਤੇ ਡਾਕਟਰ ਦਰਸ਼ਨ ਸਿੰਘ ਜੀ ਤੇ ਪ੍ਰੋਫੇਸਰ ਹਰਦਿਆਲ ਸਿੰਘ ਜੀ (ਗੁਰੂ ਘਰ ਦੇ ਕੀਰਤਨੀਏ) ਦੀ ਮਾਤਾ ਮਿਤੀ 13-6-71. ਨੂੰ ਅਕਾਲ ਚਲਾਣਾ ਕਰ ਗਏ ਹਨ। ਮਾਤਾ ਜੀ ਦਾ ਸੁਖਮਨੀ ਸਾਹਿਬ ਨਾਲ ਪ੍ਰੇਮ ਸੀ ਜਦੋਂ ਭੀ ਸਮਾਂ ਮਿਲਦਾ ਤਾਂ ਸੁਖਮਨੀ ਸਾਹਿਬ ਦਾ ਪਾਠ ਕਰਦੇ ਰਹਿੰਦੇ। ਆਪ ਬੜੇ ਹੀ ਮਿਠ ਬੋਲੜੇ ਸਨ। ਆਪਣਾ ਦੁਖ ਕਦੀ ਭੀ ਦੂਜਿਆਂ ਨੂੰ ਪ੍ਰਤੀਤ ਨਹੀਂ ਸਨ ਹੋਣ ਦਿੰਦੇ।

ਚੜ੍ਹਾਈ ਕਰਨ ਤੋਂ ੬੦ ਘੰਟੇ ਪਹਿਲਾਂ ਹੀ ਮਾਤਾ ਜੀ ਕੋਲ ਬਾਣੀ ਦਾ ਪਰਵਾਹ ਚਲ ਪਿਆ। ਮਿਤੀ 13-6-71. ਨੂੰ ਸ਼ਾਮ ਦੇ 6—50 ਵਜੇ ਜਦ ਸੁਖਮਨੀ ਸਾਹਿਬ ਦੀਆਂ ਏਹ ਤੁਕਾਂ ਆਈਆਂ ਤਾਂ ਉਹਨਾਂ ਦੇ ਸਵਾਸ ਪੂਰੇ ਹੋ ਗਏ :—

"ਸਾਧ ਸੰਗਿ ਪ੍ਰਭ ਦੇਹੁ ਨਿਵਾਸ ॥
ਸਰਬ ਸੂਖ ਨਾਨਕ ਪਰਗਾਸ ॥ ੨੦ ॥

ਦੋ ਕਮਰੇ ਸਿੰਘਾਂ ਤੇ ਸਿੰਘਣੀਆਂ ਦੇ ਭਰੇ ਹੋਏ ਸਨ। ਇਸੇ ਵਕਤ ਜ਼ੋਰਾ ਜ਼ੋਰ ਖੰਡੇ ਖੜਕਣੇ ਸ਼ੁਰੂ ਹੋ ਗਏ ਤੇ ਉਪਰੰਤ ਸਾਰਿਆਂ ਨੇ ਮਾਤਾ ਜੀ ਦੀ ਵਿਛੜ ਰਹੀ ਰੂਹ ਨੂੰ ਗਜ ਕੇ "ਵਾਹਿਗੁਰੂ ਜੀ ਕਾ ਖਾਲਸਾ ਵਾਹਿਗੁਰੂ ਜੀ ਕੀ ਫਤਹਿ" ਬੁਲਾਈ।

ਮਾਤਾ ਜੀ ਦਾ ਸੰਸਕਾਰ ਗੁਰਮਤ ਮਰਿਯਾਦਾ ਅਨੁਸਾਰ 14-6-71. ਨੂੰ ਹੋਇਆ। ਉਨ੍ਹਾਂ ਦੇ ਨਮਿਤ ਰਖੇ ਹੋਏ ਸ੍ਰੀ ਅਖੰਡ ਪਾਠ ਦਾ ਭੋਗ 20-6-71. ਸਵੇਰੇ 5 ਵਜੇ ਪਿਆ। ਉਪਰੰਤ ਦੁਪਹਿਰ 1 ਵਜੇ ਤਕ ਅਖੰਡ ਕੀਰਤਨ ਦੀ ਅੰਮ੍ਰਿਤ ਵਰਖਾ ਹੋਈ। ਲੰਗਰ ਦੇ ਗਫਿਆਂ ਮਗਰੋਂ ਸਮਾਪਤੀ ਹੋਈ। ਬੇਅੰਤ ਸੰਗਤਾਂ ਦੂਰੋਂ ਨੇੜਿਉਂ ਆਈਆਂ ਹੋਈਆਂ ਸਨ।



www.AKJ.Org

# ਅੰਬਾਲਾ ਛਾਉਣੀ ਦਾ ਸਾਲਾਨਾ ਕੀਰਤਨ ਸਮਾਗਮ

## 11 ਤੋਂ 15 ਅਗਸਤ ਤਕ

ਅੰਬਾਲਾ ਛੌਣੀ ਦੇ ਨਿਰਬਾਣ ਕੀਰਤਨੀ ਜਥੇ ਨੇ ਆਪਣਾ ਸਾਲਾਨਾ ਸਮਾਗਮ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਉਣਾ ਨੀਯਤ ਕੀਤਾ ਹੈ। ਸਰਬਤ ਸੰਗਤਾਂ ਅਗੇ ਬੇਨਤੀ ਹੈ ਕਿ ਆਇ ਦਰਸ਼ਨ ਬਖਸ਼ਨ।

| ਤਰੀਕ | ਦਿਨ | ਪ੍ਰੋਗਰਾਮ |
|---|---|---|
| 11-8-71. | ਬੁਧਵਾਰ | ਅਰੰਭ ਸ੍ਰੀ ਅਖੰਡ ਪਾਠ |
| 13-8-71. | ਸ਼ੁਕਰਵਾਰ | ਭੋਗ ਸ੍ਰੀ ਅਖੰਡ ਪਾਠ। ਉਪਰੰਤ ਕੀਰਤਨ ਤੇ ਆਸਾ ਦੀ ਵਾਰ 1 ਵਜੇ ਦੁਪਹਿਰ ਤਕ |
| 13-8-71. | ,, | (ਸ਼ਾਮ) ਪਾਠ ਸੋਦਰ ਸਾਹਿਬ ਤੇ ਕੀਰਤਨ 7 ਤੋਂ 10 ਤਕ। |
| 14-8-71. | ਸਨਿਚਰਵਾਰ | ਕੀਰਤਨ ਸਵੇਰੇ 5 ਵਜੇ ਤੋਂ 1 ਵਜੇ ਦੁਪਹਿਰ ਤਕ |
| 14-8-71. | ,, | (ਰਾਤ) ਕੀਰਤਨ ਰੈਨ ਸਬਾਈ 8 ਵਜੇ ਆਰੰਭ। |
| 15-8-71. | ਐਤਵਾਰ | ਭੋਗ ਕੀਰਤਨ ਰੈਨ ਸਬਾਈ। |

ਨੋਟ : (1) ਅੰਮ੍ਰਿਤ ਸੰਚਾਰ 14-8-71. ਸਨਿਚਰਵਾਰ ਸ਼ਾਮ ਨੂੰ ਅਰੰਭ ਹੋਵੇਗਾ।

(2) ਸਾਰਾ ਕੀਰਤਨ ਪ੍ਰੋਗਰਾਮ ਗੁਰਦਵਾਰਾ ਗੋਬਿੰਦ ਨਗਰ ਅੰਬਾਲਾ ਛਾਉਣੀ ਵਿਖੇ ਹੋਵੇਗਾ।

(3) ਸੰਗਤਾਂ ਲੋੜ ਅਨੁਸਾਰ ਬਿਸਤਰੇ ਲਿਆਵਣ ਦੀ ਖੇਚਲ ਕਰਨ।

ਪੁਛ ਗਿਛ ਲਈ:
ਭਾਈ ਇੰਦਰ ਸਿੰਘ ਗੁਲਾਟੀ,
ਪ੍ਰੋਪਰਟੀ ਡੀਲਰਜ਼,
ਗੋਬਿੰਦ ਨਗਰ, ਅੰਬਾਲਾ ਛਾਉਣੀ।

ਦਾਸਰੇ :
ਨਿਰਬਾਨ ਕੀਰਤਨੀ ਜਥਾ,
ਅੰਬਾਲਾ ਛਾਉਣੀ।



www.AKJ.Org

# ਸ੍ਰੀ ਅੰਮ੍ਰਿਤਸਰ ਵਿਖੇ ਸਾਲਾਨਾ ਕੀਰਤਨ ਸਮਾਗਮ

ਐਤਕੀ ਕੀਰਤਨੀ ਜਥਿਆਂ ਵਲੋਂ ਸਾਲਾਨਾ ਕੀਰਤਨ ਸਮਾਗਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪ੍ਰਕਾਸ਼ ਦੇ ਗੁਰਪੁਰਬ ਸਮੇਂ ਸ੍ਰੀ ਅੰਮ੍ਰਿਤਸਰ ਵਿਖੇ ਹੋ ਰਹੇ ਹਨ। ਇਹ ਪ੍ਰੋਗਰਾਮ ੧੯, ੨੦, ੨੧ ਅਗਸਤ ੧੯੭੧ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋਣਗੇ ਅਤੇ ੨੨ ਅਗਸਤ ਸਵੇਰੇ ਸਮਾਪਤੀ ਹੋਵੇਗੀ। ਪੂਰਾ ਪ੍ਰੋਗਰਾਮ ਫਿਰ ਦਿਤਾ ਜਾਵੇਗਾ।

ਪ੍ਰਾਰਥਕ :—
ਅਖੰਡ ਕੀਰਤਨੀ ਜਥਾ,
ਸ੍ਰੀ ਅੰਮ੍ਰਿਤਸਰ ।



www.AKJ.Org

www.AKJ.org

Regd. '

ਵਿਦਿਆ ਵਿਭਾਗ ਪੰਜਾਬ ਵਲੋਂ "ਸੂਰਾ" ਕਾਲਜਾ ਅਤੇ ਸਮਾਜਿਕ ਸਿਖਿਆ ਕੇਂਦਰਾਂ ਲਈ ਚਿੱਠੀ ਨੰ: 3/70-68-4 (ਅ-ਪ) ਮਿਤੀ 17-10-68 ਨੂੰ ਪ੍ਰਵਾਨ ਕੀਤਾ ਗਿਆ।

# ਅਪੀਲ

ਸੂਰਾ ਸਰਬ ਹਿੰਦ ਅਖੰਡ ਕੀਰਤਨੀ ਜੱਥੇ ਦਾ ਇਕੋ ਇਕ ਮਾਸਕ ਰਸਾਲਾ ਹੈ। ਜੱਥੇ ਦੇ ਸਾਰੇ ਸਿੰਘਾਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਇਸ ਪਰਚੇ ਨੂੰ ਜ਼ਰੂਰ ਖਰੀਦਣ ਅਤੇ ਵਧ ਤੋਂ ਵਧ ਗਾਹਕ ਬਨਾਉਣ। ਇਸ ਤੋਂ ਇਲਾਵਾ ਜੇ ਆਪ ਹੋਰ ਕੋਈ ਗੁਰਮਤ ਰਸਾਲਾ ਲਗਵਾਉਣਾ ਚਾਹੁੰਦੇ ਹੋ ਤਾਂ ਤੁਹਾਡੀ ਖੁਸ਼ੀ ਹੈ ਪਰ "ਸੂਰਾ" ਹੀ ਤੁਹਾਡਾ ਆਪਣਾ ਰਸਾਲਾ ਹੈ॥

ਦਾਸ,
ਮਲ ਸਿੰਘ

## ਗੁਰਪੁਰਬ ਤੇ ਸੰਗਰਾਂਦ

ਪਾਤਸ਼ਾਹੀ ੮ ਅਵਤਾਰ ਧਾਰਿਆ ੧੯ ਜੁਲਾਈ।
ਸੰਗਰਾਂਦ ੧੬ ਜੁਲਾਈ।

www.AKJ.Org